ਵਿਰਸੇ ਦੀ ਸੌਗਾਤ

ਹੁਣ ਤੱਕ ਜਿੱਥੇ ਰਚਨਾਵਾਂ ਛਪੀਆਂ ਹਨ।

ਰੋਜ਼ਾਨਾ
ਜੱਗ ਬਾਣੀ
ਸਪੋਕਸਮੈਨ
ਪੰਜਾਬੀ ਟ੍ਰਿਬਿਊਨ
ਦੇਸ਼ ਸੇਵਕ
ਸੱਚ ਕਹੂੰ
ਪੰਜਾਬੀ ਸਪੈਕਟ੍ਰਮ
ਅੱਜ ਦੀ ਆਵਾਜ਼
ਰੁਪਾਣਾ ਸਮਾਚਾਰ
ਪੰਜਾਬ ਟਾਇਮਜ਼
ਅਜ਼ਾਦ ਸੋਚ
ਦਾ ਟਾਈਮਜ਼ ਆਫ਼ ਪੰਜਾਬ
ਹਫ਼ਤਾਵਾਰੀ :
ਸਮਰਾਟ ਜਲੰਧਰ
ਕੁਨਾਲ ਸਮਾਚਾਰ
ਪੰਦਰਾਂ ਰੋਜ਼ਾ
ਅਦਬੀ ਪਰਿਕਰਮਾ
ਮਾਲਵੇ ਦੀ ਧਮਕ
ਮਾਸਿਕ :
ਸੱਜਰੀ ਸਵੇਰ
ਜਸਟ ਪੰਜਾਬੀ
ਚਮਕੌਰ ਦੀ ਗੜ੍ਹੀ
ਦੋ ਮਾਸਿਕ :
ਸਾਂਝਾਂ ਆਰਪਾਰ ਦੀਆਂ
ਸਲਾਨਾ :
ਸੁਖਨ ਸੁਨੇਹੇ
ਅਤੇ ਬਹੁਤ ਸਾਰੀਆਂ ਵੈਬਸਾਈਟਾਂ ਤੇ 12 ਰਚਨਾਵਾਂ
ਖੁਦ ਗਾ ਕੇ ਯੂ-ਟਿਊਬ ਤੇ ਪਾਈਆਂ ਹੋਈਆਂ ਹਨ।
ਪੁਸਤਕਾਂ :
ਵਿਰਸੇ ਦੀ ਲੋਅ (ਕਾਵਿ ਸੰਗ੍ਰਹਿ) 2014
ਵਿਰਸੇ ਦੀ ਖੁਸ਼ਬੋ

ਵਿਰਸੇ ਦੀ ਸੌਗਾਤ

ਜਸਵੀਰ ਸ਼ਰਮਾ ਦੱਦਾਹੂਰ

ਸਾਹਿਬਦੀਪ ਪ੍ਰਕਾਸ਼ਨ
ਭੀਖੀ (ਮਾਨਸਾ) ਪੰਜਾਬ-151504

ਵਿਰਸੇ ਦੀ ਸੌਗਾਤ

(ਕਵਿਤਾਵਾਂ)

ਜਸਵੀਰ ਸ਼ਰਮਾ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ
ਮੋਬਾ : 94176-22046

E-mail : jasveersharma123@gmail.com

ISBN:978-93-84717-98-3

Price:₹150
Printed & Bound in India
Shiv Shakty Printers Dehli

SAHIBDEEP PUBLICATION,
BHIKHI (MANSA)-INDIA
-151504
MOB.099889-13155
Email-sahibdeep2013@gmail.com

All rights are reserved. No Part of this publication may be reproduced, stored in a retrieval system or transmitted, in any form or by any means, mechanical, photocopying, recording or otherwise, without prior written permission of the author and publisher.

ਸਮਰਪਣ

ਛੋਟੇ ਵੀਰ ਗੀਤਕਾਰ ਸਵ: ਸੁੱਚਾ ਸਿੰਘ ਸੰਘਾ ਕੋਰੇਵਾਲੀਆ
ਦੀ ਨਿੱਘੀ ਤੇ ਪਿਆਰ ਯਾਦ ਨੂੰ



ਫਰਜ਼ ਨਿਭਾਇਆ ਸੀ ਭਰਾਵਾਂ ਵਾਲਾ ਦੋਸਤਾਂ ਤੂੰ,
ਤੇਰੇ ਬਾਅਦ ਨਾ ਮਿਲਿਆ ਕੋਈ ਕਦਰਦਾਨੀ।
ਜਿਥੇ ਗਿਆ ਚਲਿਆ, ਓਥੋਂ ਕੋਈ ਨੀ ਮੁੜਿਆ,
ਤੇਰੀ ਯਾਦ ਵਿੱਚ ਗੁਜ਼ਰ ਗਈ ਜ਼ਿੰਦਗਾਨੀ॥
ਜਿਉਂਦੇ ਜੀਅ ਗੋਲੀਆਂ ਰੋੜ੍ਹਦੇ ਹਾਂ,
ਅਧੂਰੇ ਰਹਿ ਗਏ ਮੇਰੇ ਸਭ ਚਾਅ ਵੀਰਾ।
ਧਿਰ ਬਣਕੇ ਖੜ੍ਹਦਾ ਰਿਹਾ ਨਾਲ ਮੇਰੇ,
ਜੋ ਕਦੇ ਖੜ੍ਹਨ ਨਾ ਸਕੇ ਭਰਾ ਵੀਰਾ॥
ਓਸ ਡਾਢੇ ਦੇ ਅੱਗੇ ਕੋਈ ਜੋਰ ਨਾਹੀਂ,
ਚਾਰਾ ਕਿਸੇ ਦਾ ਕੋਈ ਵੀ ਚੱਲਦਾ ਨਾ।
'ਦੱਦਾਹੂਰੀਆ' ਸੱਤ ਕਰ ਮੰਨਣਾ ਪਿਆ,
ਹੁਕਮ ਬਿਨ ਪੱਤਾ ਵੀ ਹੱਲਦਾ ਨਾ॥

ਤਰਤੀਬ

ਭਰਪੂਰ ਅਦਾਵਾਂ ਦਾ ਸੁਮੇਲ ਤੇ 'ਵਿਰਸੇ ਦਾ ਲੇਖਕ' ਹੈ ਜਸਵੀਰ ਸ਼ਰਮਾ ਦੱਦਾਹੂਰ

'ਜਸਵੀਰ ਸ਼ਰਮਾ ਦੱਦਾਹੂਰ' ਦੋ ਕਾਵਿ ਪੁਸਤਕਾਂ ਦਾ ਰਚੇਤਾ ਹੈ, ਇਹ ਹੁਣ ਤੀਸਰੀ ਪੁਸਤਕ 'ਵਿਰਸੇ ਦੀ ਸੌਗਾਤ' ਲੈ ਕੇ ਪਾਠਕਾਂ ਦੇ ਰੂ-ਬ-ਰੂ ਹੋ ਰਿਹਾ ਹੈ। ਬਿਲਕੁਲ ਸਾਦਾ ਇਨਸਾਨ, ਵੇਖਣ ਤੋਂ ਕੋਈ ਵੀ ਅੰਦਾਜਾ ਨਹੀਂ ਲਗਾ ਸਕਦਾ ਕਿ ਇਹ ਇਨਸਾਨ ਵੀ ਲਿਖਾਰੀ ਹੋ ਸਕਦਾ ਹੈ ਪਰ ਵਿਰਸੇ ਨਾਲ ਅੰਤਾਂ ਦਾ ਮੋਹ ਰੱਖਣ ਵਾਲਾ ਜਸਵੀਰ ਬਹੁ ਕਲਾਵਾਂ ਦਾ ਸੁਮੇਲ ਹੈ। ਆਪਣੀ ਲਿਖੀ ਰਚਨਾ ਨੂੰ ਆਪਣੇ ਮੂਹੋਂ ਗਾ ਕੇ ਹੀ ਨਹੀਂ ਸਗੋਂ ਸਾਜਾਂ ਵਿੱਚ ਗਾ ਕੇ ਰੰਗ ਬੰਨ੍ਹ ਦਿੰਦਾ ਹੈ। ਉਹ ਪੰਜਾਬ ਦਾ ਕੋਈ ਅਖ਼ਬਾਰ ਨਹੀਂ ਹੋਵੇਗਾ ਜਿਸ ਵਿੱਚ ਇਸਦੀਆਂ ਰਚਨਾਵਾਂ ਨਾ ਛਪੀਆਂ ਹੋਣ। ਅੱਖਰਾਂ ਦਾ ਸਮਤੋਲ ਬਣਾਉਣਾ ਤੇ ਉਸ ਨੂੰ ਕਵਿਤਾ, ਛੰਦ ਬੰਦੀ ਤੇ ਜਾਂ ਫਿਰ ਕਿਸੇ ਲੇਖ ਵਿੱਚ ਪਰੋਣਾ ਕਿਸੇ ਐਰੇ ਗੈਰੇ ਦਾ ਕੰਮ ਨਹੀਂ ਹੁੰਦਾ, ਇਸ ਗਿਆਨ ਨੂੰ ਬਾ-ਖੂਬੀ ਜਾਣਦਾ ਹੈ ਜਸਵੀਰ ਸ਼ਰਮਾ ਦੱਦਾਹੂਰ। ਮਹਾਰਾਜਾ ਰਣਜੀਤ ਸਿੰਘ ਟੀ.ਵੀ ਸੀਰੀਅਲ ਜੋ ਕਿ ਮਹਾਨ ਐਕਟਰ ਰਾਜ ਬੱਬਰ ਨੇ ਬਣਾਇਆ ਸੀ ਉਸ ਵਿੱਚ ਚੌਥੇ ਐਪੀਸੋਡ ਵਿੱਚ ਰੋਲ ਕੀਤਾ। ਰੱਬ ਦੀਆਂ ਰੱਖਾਂ 'ਤੇ ਬੇਕਸੂਰ ਟੈਲੀਫਿਲਮਾਂ ਵਿੱਚ ਸਾਰਥਕ ਰੋਲ ਅਦਾ ਕੀਤੇ, ਜਿਸਨੂੰ ਕਿ ਪਵਨ ਕੁਮਾਰ ਰਵੀ ਨੇ ਬਣਾਇਆ ਸੀ। ਇਸੇ ਕਰਕੇ ਹੀ ਇਹ ਜਸਵੀਰ ਸ਼ਰਮਾ ਬਹੁ ਕਲਾਵਾਂ ਦਾ ਸੁਮੇਲ ਹੋ ਨਿੱਬੜਿਆ। ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਅਤੇ ਬਾਬਾ ਸੋਨੀ ਆਸ਼ਰਮ ਵੱਲੋਂ ਵੀ ਅਸੀਂ ਜਸਵੀਰ ਨੂੰ ਉਸਦੀ ਕਲਾ ਕਰਕੇ ਸਨਮਾਨਿਤ ਕਰ ਚੁੱਕੇ ਹਾਂ। ਜਿੱਥੇ ਇਹ ਇਕ ਵਧੀਆ ਲੇਖਕ ਅਤੇ ਸਾਹਿਤ ਦੇ ਖੇਤਰ ਵਿੱਚ ਮੱਲਾਂ ਮਾਰ ਰਿਹਾ ਹੈ ਉਥੇ ਇਕ ਵਧੀਆ ਗੀਤਕਾਰ ਵੀ ਹੈ। ਇਸਦੇ ਲਿਖੇ ਦੋ ਗੀਤ, ਪਹਿਲਾਂ ਸ਼ਹੀਦ ਭਗਤ ਸਿੰਘ ਬਾਰੇ ਸ਼ਿੰਗਾਰਾ ਸਿੰਘ ਚਹਿਲ (ਸੰਗਰੂਰ) ਦੀ ਆਵਾਜ਼ ਵਿੱਚ ਤੇ ਦੂਸਰਾ ਸੇਵਕ ਚੀਮਾਂ (ਲੰਡੇ) ਦੀ ਅਵਾਜ਼ ਵਿੱਚ ਰਿਕਾਰਡ ਹੋ ਚੁੱਕੇ ਹਨ ਅਤੇ ਜਲਦੀ ਹੀ ਇਸਦੀ ਕਲਮ 'ਚੋਂ ਉਪਜੇ ਲੋਕ ਤੱਥ ਵੀ ਸਰੋਤਿਆਂ ਨੂੰ ਸੁਨਣ ਨੂੰ ਮਿਲਣਗੇ। ਇਕ ਲੇਖਕ ਨੂੰ ਆਪਣੇ ਆਸੇ ਪਾਸੇ ਦੇ ਵਾਤਾਵਰਨ ਨੂੰ ਵੇਖ ਕੇ ਬਹੁਤ ਕੁਝ ਜਿਹਨ ਦੇ ਵਿੱਚ ਆਉਣ ਨਾਲ ਹੀ ਵਧੀਆ ਰਚਨਾ ਬਣ ਜਾਂਦੀ ਹੈ। ਇਹੀ ਕਲਾ ਜਸਵੀਰ ਵਿੱਚ ਵੀ ਹੈ। ਅਜੋਕੀ ਪੀੜ੍ਹੀ ਨੂੰ ਪੁਰਾਤਨ ਵਿਰਸੇ ਨਾਲ ਜੋੜ ਕੇ ਰੱਖਣ ਦਾ ਇਸਦਾ ਇਹ ਕਾਰਜ ਵਾਕਿਆ ਹੀ ਕਾਬਿਲੇ ਤਾਰੀਫ਼ ਹੈ। ਹਰ ਸਮੇਂ ਹਸਮੁਖ ਸੁਭਾਅ ਵਾਲਾ ਨੇਕ ਦਿਲ ਇਨਸਾਨ ਜਸਵੀਰ ਸ਼ਰਮਾ ਤੋਂ ਸਾਹਿਤ ਜਗਤ ਨੂੰ ਢੇਰ ਸਾਰੀਆਂ ਆਸਾਂ ਹਨ। ਆਸ ਕਰਦੇ ਹਾਂ ਕਿ ਜਸਵੀਰ ਸ਼ਰਮਾ ਦੱਦਾਹੂਰ ਆਪਣੇ ਇਸ ਮਿਸ਼ਨ ਨੂੰ ਇਸੇ ਤਰ੍ਹਾਂ ਹੀ ਪ੍ਰਫੁੱਲਤ ਕਰਦਾ ਰਹੇ ਤੇ ਨਵੀਆਂ ਤੇ ਉੱਚੀਆਂ ਪੁਲਾਘਾਂ ਪੁੱਟ ਕੇ ਸਾਹਿਤ ਜਗਤ ਵਿੱਚ ਆਪਣਾ ਤਿਲ-ਫੁਲ ਇਸ ਤਰ੍ਹਾਂ ਹੀ ਹਿੱਸਾ ਪਾਉਂਦਾ ਰਹੇ। ਸਟੇਟ ਬੈਂਕ ਆਫ ਇੰਡੀਆ ਦੇ ਖਾਤੇ ਨੰਬਰ 31061140639 ਵਿੱਚ ਦਿਲ ਖੋਲ੍ਹ ਕੇ ਸਮਾਜ ਭਲਾਈ ਦੇ ਕੰਮਾਂ ਵਾਸਤੇ ਦਸਵਾਂ ਦਸੌਂਧ ਜ਼ਰੂਰ ਜਮ੍ਹਾਂ ਕਰਵਾਓ ਜੀ।

ਗੁਰਪ੍ਰੀਤ ਸੋਨੀ ਬਾਬਾ ਜੀ
ਰੁਪਾਣਾ ਵਾਲੇ
ਮੋਬਾ : 97797-60727

ਵਿਰਸੇ ਪ੍ਰਤੀ ਅੰਤਾਂ ਦਾ ਮੋਹ ਰੱਖਣ ਵਾਲਾ ਲੇਖਕ : ਜਸਵੀਰ ਸ਼ਰਮਾ ਦੱਦਾਹੂਰ

ਪੰਜਾਬੀ ਮਾਂ ਬੋਲੀ, ਸਾਹਿਤ ਅਤੇ ਸੱਭਿਆਚਾਰ ਦਾ ਮੁਹਾਂਦਰਾ ਸੰਵਾਰਨ ਵਿੱਚ ਕਮਰ ਕੱਸ ਕੇ ਤੁਰੇ ਹੋਏ ਲੇਖਕਾਂ ਵਿੱਚੋਂ ਜਸਵੀਰ ਸ਼ਰਮਾ ਦੱਦਾਹੂਰ ਦਾ ਨਾਂਅ ਸਭ ਤੋਂ ਮੂਹਰਲੀ ਕਤਾਰ ਵਿੱਚ ਆਉਂਦਾ ਹੈ। ਇਹ ਜਿੰਨ੍ਹਾਂ ਵਧੀਆ ਲੇਖਕ ਤੇ ਕਵੀ ਹੈ ਉਨ੍ਹਾਂ ਹੀ ਵਧੀਆ ਇਕ ਇਨਸਾਨ ਵੀ ਹੈ। ਪਹਿਲ ਤੱਕਣੀ ਤੋਂ ਕੋਈ ਵੀ ਸਖ਼ਸ਼ ਇਹ ਅੰਦਾਜਾ ਨਹੀਂ ਲਗਾ ਸਕਦਾ ਕਿ ਆਪਣੇ ਸੁਭਾਅ ਵਾਂਗ ਸਾਦਾ ਜਿਹਾ ਦਿਖਣ ਵਾਲਾ ਇਹ ਇਨਸਾਨ ਆਪਣੇ ਅੰਦਰ ਪੰਜਾਬੀ ਵਿਰਸੇ ਪ੍ਰਤੀ ਅੰਤਾਂ ਦਾ ਮੋਹ ਸਾਂਭੀ ਬੈਠਾ ਹੈ। ਇਹਨਾਂ ਦੀਆਂ ਪਹਿਲਾਂ ਪ੍ਰਕਾਸ਼ਿਤ ਹੋ ਚੁੱਕੀਆਂ ਕਿਤਾਬਾਂ 'ਵਿਰਸੇ ਦੀ ਲੋਅ' ਅਤੇ 'ਵਿਰਸੇ ਦੀ ਖੁਸ਼ਬੋ' ਇਸ ਗੱਲ ਦੀ ਖੁੱਲ ਕੇ ਗਵਾਹੀ ਭਰਦੀਆਂ ਹਨ। ਜਿੰਨ੍ਹਾਂ ਵਿੱਚ ਜਿੱਥੇ ਇਹਨਾਂ ਨੇ ਪੰਜਾਬੀ ਸੱਭਿਆਚਾਰ ਨੂੰ ਦਿਨੋਂ ਦਿਨ ਲੱਗ ਰਹੇ ਖੋਰੇ ਪ੍ਰਤੀ ਗਹਿਰਾ ਚਿੰਤਨ ਪ੍ਰਗਟ ਕੀਤਾ ਹੈ ਉਥੇ ਆਪਣੀਆਂ ਰਚਨਾਵਾਂ ਰਾਹੀਂ ਸਾਡੇ ਵਿਰਸੇ ਦੀ ਅਸਲ ਤਸਵੀਰ ਨੂੰ ਵੀ ਬਹੁਤ ਹੀ ਖੂਬਸੂਰਤੀ ਨਾਲ ਪੇਸ਼ ਕੀਤਾ ਹੈ। ਕਵਿਤਾਵਾਂ ਦੇ ਨਾਲ-ਨਾਲ ਹੱਕ ਤੇ ਸੱਚ ਨਾਲ ਜਿੰਦਗੀ ਨੂੰ ਜਿਉਣ ਦਾ ਸੁਨੇਹਾ ਦਿੰਦੀ ਪੈਂਤੀ ਜਿੱਥੇ ਸਾਨੂੰ ਰੂਹਾਨੀਅਤ ਨਾਲ ਜੋੜਦੀ ਹੈ ਉਥੇ ਇੱਕ ਚੰਗੇ ਮਾਰਗ ਦਰਸ਼ਕ ਦਾ ਕੰਮ ਵੀ ਕਰਦੀ ਹੈ।

ਮੇਰੀ ਉਸ ਪਰਮ ਪਿਤਾ ਪ੍ਰਮਾਤਮਾ ਅੱਗੇ ਇਹੋ ਅਰਦਾਸ ਹੈ ਕਿ ਸਾਡੇ ਸ੍ਰੀ ਮੁਕਤਸਰ ਸਾਹਿਬ ਦੀ ਆਨ ਬਾਨ ਤੇ ਸ਼ਾਨ ਸਾਡੇ ਵੱਡੇ ਵੀਰ ਜਸਵੀਰ ਸ਼ਰਮਾ ਦੱਦਾਹੂਰ ਨੂੰ ਤੰਦਰੁਸਤੀ ਅਤੇ ਲੰਮੀ ਉਮਰ ਬਖਸ਼ੇ ਤਾਂ ਕਿ ਮਾਂ-ਬੋਲੀ ਦਾ ਇਹ ਸਪੂਤ ਆਪਣੀ ਕਲਮ ਦੇ ਜਰੀਏ ਸਾਡੇ ਵਿਰਸੇ ਦੀ ਇਸੇ ਤਰ੍ਹਾਂ ਹਮੇਸ਼ਾਂ ਸੇਵਾ ਕਰਦਾ ਰਹੇ। ਸਾਡੇ ਪੰਜਾਬੀ ਵਿਰਸੇ ਨੂੰ ਪ੍ਰਫੁਲਿਤ ਕਰਨ ਲਈ ਪਾਏ ਜਾ ਰਹੇ ਇਸ ਵਡਮੁੱਲੇ ਯੋਗਦਾਨ ਲਈ ਸਮੁੱਚੀ ਪੰਜਾਬੀਅਤ ਇਹਨਾਂ ਨੂੰ ਤਹਿ ਦਿਲੋਂ ਸਲਾਮ ਕਰਦੀ ਹੈ।

ਸਾਹਿਲ ਕੁਮਾਰ ਹੈਪੀ
ਮੈਨੇਜਿੰਗ ਡਾਇਰੈਕਟਰ ਯੰਗ ਡਾਇਮੰਡਜ਼
ਫ਼ਿਲਮ ਪ੍ਰੋਡਕਸ਼ਨ, ਸ੍ਰੀ ਮੁਕਤਸਰ ਸਾਹਿਬ
ਮੋਬਾ : 94631-13644

ਕੁਝ ਆਪਣੇ ਵੱਲੋਂ

ਮੇਰੇ ਸਤਿਕਾਰਤ ਪੰਜਾਬੀ ਮਾਂ ਬੋਲੀ ਤੇ ਵਿਰਸੇ ਨੂੰ ਸਤਿਕਾਰ ਕਰਨ ਵਾਲੇ ਦੋਸਤੋ ਮੇਰੇ ਵੱਲੋਂ ਪਹਿਲਾਂ ਦੋ ਲਿਖੀਆਂ ਕਿਤਾਬਾਂ ''ਵਿਰਸੇ ਦੀ ਲੋਅ 'ਤੇ ਵਿਰਸੇ ਦੀ ਖੁਸ਼ਬੋ'' ਨੂੰ ਆਪ ਜੀ ਨੇ ਮਣਾਂ ਮੂੰਹੀ ਪਿਆਰ ਦਿੱਤਾ ਹੈ ਜਿਸਦਾ ਮੈਂ ਸਦਾ ਹੀ ਰਿਣੀ ਰਹਾਂਗਾ। ਜੇਕਰ ਕਹਿ ਲਈਏ ਕਿ ਬਹੁਤ ਹੀ ਲੇਖਕ ਨੇ ਅੱਜਕੱਲ੍ਹ ਤੇ ਸਰੋਤੇ ਜਾਂ ਪਾਠਕ (ਪੜ੍ਹਨ ਵਾਲੇ) ਘੱਟ ਨੇ ਤਾਂ ਇਹ ਕੋਈ ਅਤਿਕਥਨੀ ਨਹੀਂ ਹੋਵੇਗੀ। ਹਰ ਇਕ ਸ਼ੁਹਿਰਦ ਲੇਖਕ ਦਾ ਆਪੋ ਆਪਣੀ ਗੱਲ ਕਹਿਣ ਦਾ ਆਪੋ ਆਪਣਾ ਤਰੀਕਾ ਹੁੰਦਾ ਹੈ। ਤੇ ਉਸ ਵਿੱਚ ਉਸਦੇ ਆਪਣੇ ਵਿਚਾਰ ਛੁਪੇ ਹੁੰਦੇ ਨੇ ਤੇ ਲੁਕਾਈ ਨੂੰ ਸੁਧਾਰਨ ਦੀਆਂ ਅਤਿਅੰਤ ਤੇ ਸਲਾਹੁਣਯੋਗ ਦਲੀਲਾਂ ਦਿੱਤੀਆਂ ਹੁੰਦੀਆਂ ਨੇ। ਕਲਮ ਹਥਿਆਰ ਕੋਈ ਛੋਟਾ ਮੋਟਾ ਹਥਿਆਰ ਨਹੀਂ ਹੁੰਦਾ, ਪੁਰਾਣੇ ਤੇ ਘਾਗ ਲੇਖਕਾਂ ਨੇ ਇਹਨਾਂ ਗੱਲਾਂ ਦਾ ਹਵਾਲਾ ਆਪਣੀਆਂ ਲਿਖਤਾਂ ਵਿੱਚ ਬਾਖੂਬੀ ਕੀਤਾ ਹੈ ਅਤੇ ਉਹਨਾਂ ਦੀਆਂ ਲਿਖਤਾਂ ਨੂੰ ਦਾਸ ਸਦਾ ਹੀ ਸਲਾਮ ਕਰਦਾ ਹੈ। ਮੈਨੂੰ ਜਿਵੇਂ ਕਿ ਮੇਰੀਆਂ ਪਹਿਲੀਆਂ ਕਿਤਾਬਾਂ ਰਾਹੀਂ ਆਪ ਜੀ ਨੂੰ ਪਤਾ ਲੱਗ ਹੀ ਚੁੱਕਾ ਹੈ ਕਿ ਪੁਰਾਤਨ ਬੀਤੇ ਹੋਏ ਵਿਰਸੇ ਨਾਲ ਅੰਤਾਂ ਦਾ ਮੋਹ ਹੈ, ਕੁਝ ਉਮਰ ਵੀ ਐਸੀ ਹੀ ਹੈ। ਮੇਰੀ ਇਸ ਹਥਲੀ ਪੁਸਤਕ ''ਵਿਰਸੇ ਦੀ ਸੌਗਾਤ'' ਵੀ ਪੁਰਾਤਨ ਵਿਰਸੇ ਦੀ ਹਾਮੀ ਭਰਦੀ ਹੈ। ਬੇਸ਼ੱਕ ਇਸ ਵਿੱਚ ਗੁਰੂਆਂ, ਫ਼ਕੀਰਾਂ, ਦੇਸ਼ ਦੀ ਅਜ਼ਾਦੀ ਲੈਣ ਵਾਲੇ ਪ੍ਰਵਾਨਿਆਂ, ਭਰੂਣ ਹੱਤਿਆ ਤੇ ਦੇਸ਼ ਦੇ ਮੌਜੂਦਾ ਹਾਲਾਤਾਂ ਬਾਰੇ ਰਚਨਾਵਾਂ ਵੀ ਹਨ, ਪਰ ਵਿਰਸੇ ਨੂੰ ਜਿਆਦਾ ਉਭਾਰਦਾ ਦਾਸ ਦਾ ਨਿਮਾਣਾ ਜਿਹਾ ਉਪਰਾਲਾ ਹੈ ਤਾਂ ਕਿ ਅਜੋਕੀ ਪੀੜ੍ਹੀ ਸਾਡੇ ਪੁਰਾਤਨ ਵਿਰਸੇ ਤੇ ਸਾਡੀਆਂ ਰਸਮਾਂ ਰਿਵਾਜਾਂ ਨੂੰ ਜਾਣ ਸਕਣ। ਪ੍ਰੇਰਨਾਤਮਿਕ ਪੈਂਤੀ ਵੀ ਲਿਖੀ ਹੋਈ ਹੈ, ਜਿਵੇਂ ਕਿ 'ਵਿਰਸੇ ਦੀ ਖੁਸ਼ਬੋ' ਵਿੱਚ ਇਕ ਪੈਂਤੀ ਦੀ ਪਾਠਕਾਂ ਵੱਲੋਂ ਭਰਪੂਰ ਸਰਾਹਨਾ ਕੀਤੀ ਗਈ ਹੈ। ਉਮੀਦ ਹੈ ਕਿ ''ਵਿਰਸੇ ਦੀ ਸੌਗਾਤ'' ਵਾਲੀ ਪੈਂਤੀ ਵੀ ਆਪਣੀ ਕਸਵੱਟੀ ਤੇ ਖ਼ਰੀ ਉਤਰੇਗੀ। ਜਿੰਨ੍ਹਾਂ ਵੀ ਸਤਿਕਾਰਤ ਸਖਸ਼ੀਅਤਾਂ ਨੇ ਮੈਨੂੰ ਇਸ ਤੀਜੀ ਪੁਸਤਕ ਨੂੰ ਪਾਠਕਾਂ ਦੇ ਰੂ-ਬਰੂ ਕਰਨ ਦਾ ਹੌਂਸਲਾ ਦਿੱਤਾ ਹੈ ਮੈਂ ਉਨ੍ਹਾਂ ਦਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਤੇ ਆਸ ਵੀ ਕਰਦਾ ਹਾਂ ਕਿ ਅੱਗੇ ਤੋਂ ਵੀ ਮੇਰੀਆਂ ਰਚਨਾਵਾਂ ਨੂੰ ਪਿਆਰ ਕਰਦੇ ਰਹਿਣਗੇ। ਮੇਰੀਆਂ ਅਖ਼ਬਾਰਾਂ ਵਿੱਚ ਛਪੀਆਂ ਰਚਨਾਵਾਂ ਤੇ ਪਹਿਲੀਆਂ ਕਿਤਾਬਾਂ ਪੜ੍ਹ ਕੇ ਜਿੰਨ੍ਹਾਂ ਵੀ ਸਤਿਕਾਰਯੋਗ ਸੰਸਥਾਵਾਂ ਨੇ ਮਾਨ ਸਨਮਾਨ ਬਖ਼ਸ਼ਿਆ ਹੈ, ਮੈਂ ਉਨ੍ਹਾਂ ਦਾ ਵੀ ਤਹਿ ਦਿਲੋਂ ਧੰਨਵਾਦੀ ਹਾਂ।

ਮੇਰੇ ਛੋਟੇ ਜਿਹੇ ਪਿੰਡ ਦੱਦਾਹੂਰ ਦੇ ਕਲੱਬ ਵੱਲੋਂ ਵੀ ਦਾਸ ਦਾ ਭਰਪੂਰ ਸਮਰਥਨ ਕਰਦਿਆਂ ਮੈਨੂੰ ਢੇਰ ਸਾਰਾ ਮਾਨ ਬਖਸ਼ਿਆ ਉਨ੍ਹਾਂ ਦਾ ਵੀ ਮੈਂ ਰਿਣੀ ਰਹਾਂਗਾ। ਆਸ ਕਰਦਾ ਹਾਂ ਕਿ ਮੇਰੀ ਇਸ ਹਥਲੀ ਪੁਸਤਕ "ਵਿਰਸੇ ਦੀ ਸੌਗਾਤ" ਨੂੰ ਵੀ ਤੁਹਾਡੇ ਵੱਲੋਂ ਭਰਪੂਰ ਹੁੰਗਾਰਾ ਮਿਲਗੋ, ਇਸੇ ਆਸ ਨਾਲ ਆਪ ਜੀ ਦਾ ਦਾਸ -

ਜਸਵੀਰ ਸ਼ਰਮਾ ਦੱਦਾਹੂਰ
ਗੁਰੂ ਅੰਗਦ ਨਗਰ, ਗਲੀ ਨੰ: 7,
ਕੋਟਕਪੂਰਾ ਰੋਡ, ਸ੍ਰੀ ਮੁਕਤਸਰ ਸਾਹਿਬ
ਮੋਬਾ : 94176-22046

(ਸੇਵਕ ਕੋ ਸੇਵਾ ਬਨਆਈ)

ਗੁਰਪ੍ਰੀਤ ਸਿੰਘ ਸੋਨੀ ਬਾਬਾ ਰੁਪਾਨੇ ਵਾਲਾ - ਹਸਪਤਾਲਾਂ ਵਿੱਚ ਕਰਦੇ ਮੁਫਤੀ ਲੰਗਰ ਦਾ ਉਪਰਾਲਾ..

ਅਜੋਕੇ ਸਵਾਰਥੀ ਯੁਗ ਵਿੱਚ ਜਦੋਂ ਕਿ ਹਰ ਇਨਸਾਨ ਪੈਸੇ ਦੀ ਦੌੜ ਵਿੱਚ ਇੱਕ ਦੂਜੇ ਨੂੰ ਪਛਾੜਨ ਲਈ ਯਤਨਸ਼ੀਲ ਹੈ, ਹੱਥ ਤੇ ਹੱਥ ਮਾਰ ਕੇ ਦੂਸਰੇ ਨੂੰ ਲੁੱਟਣ ਦੀ ਤਾਕ ਵਿੱਚ ਹੈ, ਇੱਕ ਦੂਸਰੇ ਦਾ ਦੁਸ਼ਮਨ ਬਣਿਆ ਬੈਠਾ ਹੈ, ਤੇ ਆਪਣਿਆਂ ਨੂੰ ਹੀ ਭੁਲਦਾ ਜਾ ਰਿਹਾ ਹੈ, ਅਤਿ ਦਰਜੇ ਦੇ ਘਿਨਾਉਣੇ ਅਪਰਾਧਾਂ ਵਿੱਚ ਲਿਪਤ ਹੋਇਆ ਪਿਆ ਹੈ, ਨਸ਼ੇ ਹਰ ਇਨਸਾਨ ਨੂੰ ਆਪਣੇ ਕਲਾਵੇ ਵਿੱਚ ਲੈ ਰਹੇ ਹਨ, ਉਸ ਸਮੇਂ ਕਿਸੇ ਇਨਸਾਨ ਦੀ ਲੋੜਵੰਦਾਂ ਦੀ ਮਦਦ ਕਰਨਾ, ਗਰਜ ਵੰਦ ਪਰਿਵਾਰਾਂ ਦੀਆਂ ਲੜਕੀਆਂ ਦੀ ਮੁਫ਼ਤ ਸ਼ਾਦੀ ਕਰਨੀ, ਤੇ ਹਸਪਤਾਲਾਂ ਵਿੱਚ ਦੋ ਵੇਲੇ ਦੀ ਮੁਫ਼ਤ ਲੰਗਰ ਸੇਵਾ ਕਰਨੀ ਤੇ ਹੋਰ ਵੀ ਐਸੇ ਕਾਰਜ ਜੋ ਲੋਕ ਭਲਾਈ ਵਾਲੇ ਕਰਨੇ ਸੁਣ ਕੇ ਹੈਰਾਨੀ ਹੁੰਦੀ ਹੈ, ਪਰ ਪਰਤੱਖ ਨੂੰ ਪ੍ਰਮਾਣ ਦੀ ਕਦੇ ਵੀ ਲੋੜ ਨਹੀਂ ਪੈਂਦੀ, ਇਸ ਨਾ ਮੁਮਕਿਨ ਚੀਜ਼ ਨੂੰ ਮੁਮਕਿਨ ਕਰ ਵਿਖਾਇਆ ਹੈ, ਸੋਨੀ ਬਾਬਾ ਜੀ ਰੁਪਾਨੇ ਵਾਲਿਆਂ ਨੇ, ਜੇਕਰ ਇਨ੍ਹਾਂ ਲਈ ਲੋੜਵੰਦਾਂ ਦੇ ਮਸੀਹੇ ਸ਼ਬਦ ਵੀ ਵਰਤਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ।

ਗੁਰਪ੍ਰੀਤ ਸਿੰਘ ਸੋਨੀ ਬਾਬਾ ਜੀ ਰੁਪਾਨੇ ਵਾਲੇ ਕਿਸੇ ਜਾਣ-ਪਹਿਚਾਣ ਦੀ ਮਥਾਜ ਨਹੀ ਹਨ, ਬਾਬਾ ਜੀ ਦਾ ਜਨਮ ਆਰਮੀ ਹਸਪਤਾਲ ਜਲੰਧਰ ਵਿਖੇ 2-5-1976 ਨੂੰ ਪਿਤਾ ਸ. ਕਰਨੈਲ ਸਿੰਘ ਫੌਜੀ (ਰੁਪਾਨੇ ਵਾਲਿਆਂ) ਦੇ ਘਰ ਹੋਇਆ। ਪਿਤਾ ਜੀ ਆਰਮੀ ਵਿੱਚ ਦੇਸ਼ ਦੀ ਸੇਵਾ ਕਰਦੇ ਕਰਕੇ ਹੀ ਬਾਬਾ ਜੀ ਨੂੰ ਸੇਵਾ ਦੀ ਚੇਟਕ ਛੋਟੇ ਹੁੰਦਿਆਂ ਹੀ ਲੱਗੀ, ਵੱਡੇ ਹੋਏ ਤਾਂ ਬਾਬਾ ਹਰਬੰਸ ਸਿੰਘ ਜੀ ਅਤੇ ਬਾਬਾ ਕਰਨੈਲ ਸਿੰਘ ਜੀ ਕਾਰ ਸੇਵਾ ਵਾਲਿਆਂ ਦੇ ਸੰਪਰਕ ਵਿੱਚ ਆਉਣ ਕਰਕੇ ਸੇਵਾ ਸ਼ਬਦ ਸੋਨੇ ਤੇ ਸੁਹਾਗਾ ਹੋ ਨਿਬੜਿਆ। ਬੇਸ਼ਕ ਸੁਨਿਆਰ ਬਰਾਦਰੀ ਨਾਲ ਸਬੰਧ ਕਰਕੇ ਮਾਤਾ-ਪਿਤਾ ਨੇ ਬਾਬਾ ਜੀ ਨੂੰ ਸੋਨੇ-ਚਾਦੀ ਦਾ ਕੰਮ ਵੀ ਚਲਾ ਕੇ ਦਿੱਤਾ, ਪਰ ਬਾਬਾ ਸੋਨੀ ਜੀ ਦਾ ਮਨ ਇਸ ਦੁਨੀਆਂ ਦਾਰੀ ਵਾਲੇ ਕੰਮ ਤੋਂ ਉਚਾਟ ਸੀ, ਉਹ ਤਾਂ ਕੋਈ ਐਸਾ ਕਾਰਜ ਕਰਨਾ ਚਾਹੁੰਦੇ ਸਨ ਕਿ ਜਿਸ ਨਾਲ ਮਨ ਤੇ ਰੂਹ ਨੂੰ ਸਕੂਨ ਮਿਲਣ ਦੇ ਨਾਲ-ਨਾਲ ਇੱਕ ਨਿਵੇਕਲੀ ਪਹਿਚਾਣ ਵੀ ਬਣ ਸਕੇ । ਹਰ ਸਮੇਂ ਵਾਹਿਗੁਰੂ ਦੇ ਰੰਗ ਵਿੱਚ ਰੰਗੇ ਰਹਿਣ ਕਰਕੇ ਤੇ ਸੰਤਾਂ ਮਹਾਂਪੁਰਖਾਂ ਦੀ ਸੇਵਾ ਕਰਕੇ ਜੋ ਸਾਂਤੀ ਮਿਲਦੀ ਹੈ, ਉਹ ਕਹਿਣ ਸੁਨਣ ਤੋਂ ਪਰ੍ਹੇ ਹੈ।

ਬਾਬਾ ਜੀ ਦੇ ਦੱਸਣ ਮੁਤਾਬਿਕ ਉਨ੍ਹਾਂ ਨੇ ਜਾਦੂਗਰ (ਮੈਜ਼ਿਕ) ਵੀ ਸਿਖਿਆ ਤੇ ਸਫਲ ਜਾਦੂਗਰ ਸ਼ੋ ਵੀ ਕੀਤੇ । ਜਾਦੂਗਰ (ਹਨੂੰਮਾਨ) ਜੀ ਉਕਲਾਣੇ (ਜਿਲ੍ਹਾ ਹਿਸਾਰ, ਹਰਿਆਣਾ) ਵਾਲਿਆਂ ਨੂੰ ਬਾਬਾ ਜੀ ਨੇ ਮੈਜਿਕ ਦਾ ਗੁਰੂ ਧਾਰਨ ਕੀਤਾ । ਬਾਬਾ ਜੀ ਦੇ ਦੱਸਣ ਮੁਤਾਬਕ ਜਾਦੂ ਸਿਰਫ਼ ਇੱਕ ਆਰਟ (ਕਲਾ) ਹੈ, ਆਪਣੀ ਕਲਾ ਆਪਣੇ ਅੰਦਾਜ਼ ਵਿੱਚ ਪੇਸ਼ ਕਰਨੀ ਤੇ ਲੁਕਾਈ ਨੂੰ ਭੁਲੇਖਾ ਪਾਉਣਾ ਹੀ ਜਾਦੂ ਹੈ । ਬਾਬਾ ਜੀ ਨੇ ਹਿਮਾਚਲ, ਜੰਮੂ, ਯੂ.ਪੀ., ਪੰਜਾਬ, ਹਰਿਆਣਾ, ਰਾਜਸਥਾਨ, ਆਸਾਮ ਬੰਗਾਲ ਵਿੱਚ ਸਫਲ ਜਾਦੂ ਦੇ ਸ਼ੋਅ ਕੀਤੇ ਤੇ ਉਥੇ ਉਨ੍ਹਾਂ ਦਾ ਨਾਮ ਸਮਰਾਟ ਸੋਨੀ ਪੈ ਗਿਆ । ਬਾਬਾ ਜੀ ਨੇ ਸਕੂਲਾਂ, ਕਾਲਿਜਾਂ ਵਿੱਚ ਸਫਲ ਸ਼ੋਅ ਕਰਕੇ ਲੁਕਾਈ ਨੂੰ ਵਹਿਮਾਂ-ਭਰਮਾਂ ਚੋਂ ਕੱਢਣ ਦਾ ਸ਼ਲਾਘਾਯੋਗ ਕੰਮ ਕੀਤਾ । ਇਨ੍ਹਾਂ ਸ਼ੋਆਂ ਤੋਂ ਜੋ ਵੀ ਤਿਲ-ਫੁਲ ਬਾਬਾ ਜੀ ਨੂੰ ਮਿਲਦਾ ਉਸ ਨਾਲ ਕਿਸੇ ਲੋੜਵੰਦ ਜਗ੍ਹਾ ਤੇ ਨਲਕੇ ਲਵਾਉਣੇ, ਬੱਚਿਆਂ ਨੂੰ ਪੈਂਨ-ਕਾਪੀਆਂ ਵੰਡਣੀਆਂ ਅਤੇ ਸੰਤਾਂ ਮਹਾਂਪੁਰਖਾਂ ਦੀ ਸੇਵਾ ਕਰਨ ਨਾਲ ਜੋ ਸਕੂਨ ਬਾਬਾ ਜੀ ਨੂੰ ਮਿਲਿਆ, ਉਹ ਕਹਿਣ ਸੁਨਣ ਤੇ ਪਰ੍ਹੇ ਦਾ ਸੁਖ ਦਾ ਅਹਿਸਾਸ ਹੈ । ਬਾਬਾ ਜੀ ਨੂੰ ਸਦਾ ਇਹੀ ਅਭਿਲਾਸ਼ਾਂ ਰਹਿੰਦੀ ਹੈ ਕਿ ਸੰਤਾ ਮਹਾਂਪੁਰਖਾਂ ਦਾ ਸੰਗ ਕੀਤਾ ਜਾਵੇ ਤੇ ਜਿੰਦਗੀ ਜਿਉਣ ਦਾ ਨਿਵੇਕਲਾ ਢੰਗ ਸਿੱਖਿਆ ਜਾਵੇ, ਇਸੇ ਲਈ ਉਨ੍ਹਾਂ ਦਾ ਮਨ ਸਦਾ ਮਹਾਂਪੁਰਖਾਂ ਦੀ ਸੰਗਤ ਕਰਨ ਲਈ ਉਤਾਵਲਾ ਰਹਿੰਦਾ ਹੈ ।

ਇੱਕ ਵਾਰ ਬਾਬਾ ਜੀ ਅਮ੍ਰਿਤਸਰ ਸਾਹਿਬ ਗਏ ਉਥੇ ਉਨ੍ਹਾਂ ਦਾ ਸੰਪਰਕ ਭਾਈ ਘਨੱਈਆਂ ਜੀ ਦੇ ਬਿਰਧ ਆਸ਼ਰਮ ਦੇ ਸੇਵਾਦਾਰਾਂ ਨਾਲ ਹੋਇਆ ਜੋ ਕਿ ਉਗਰਾਹੀ ਕਰ ਰਹੇ ਸਨ, ਪੁਛਣ ਤੇ ਉਨ੍ਹਾਂ ਦੱਸਿਆ ਕਿ ਬਿਰਧ ਆਸਰਮ ਦੀ ਸੇਵਾ ਲਈ ਇਹ ਕਾਰਜ ਚੱਲ ਰਿਹਾ ਹੈ, ਜਿਸ ਦੀ ਦੇਖ ਰੇਖ ਸੰਤ ਬਾਬਾ ਬਲਵਿੰਦਰ ਸਿੰਘ ਜੀ ਕਰ ਰਹੇ ਹਨ, ਬਾਬਾ ਜੀ ਉਨ੍ਹਾਂ ਦੇ ਨਾਲ ਬਿਰਧ ਆਸ਼ਰਮ ਚਲੇ ਗਏ ਤੇ ਸੰਤਾਂ ਦੇ ਕਹਿਣ ਤੇ ਉਨ੍ਹਾਂ ਨੂੰ ਨੋਟਾਂ ਵਾਲਾ ਜਾਦੂ ਸ਼ੋਅ ਕਰਕੇ ਵਿਖਾਇਆ ਤੇ ਸੰਤ ਬਾਬਾ ਬਲਵਿੰਦਰ ਸਿੰਘ ਜੀ ਦੀ ਸੇਵਾ ਵਿੱਚ ਜੁਟ ਗਏ ਤੇ ਉਸੇ ਆਸ਼ਰਮ ਦੇ ਹੀ ਹੋ ਕੇ ਰਹਿ ਗਏ, ਸੋਨੀ ਬਾਬਾ ਜੀ ਦੀ ਸੇਵਾ ਤੋਂ ਖੁਸ਼ ਹੋ ਕੇ 29 ਦਸੰਬਰ 1997 ਨੂੰ ਸਟੇਜ ਤੇ ਪਗੜੀ (ਦਸਤਾਰ) ਬੰਨ੍ਹ ਕੇ ਸੋਨੀ ਬਾਬਾ ਜੀ ਨੂੰ ਹਿਕ ਨਾਲ ਲਾ ਕੇ " ਪੁੱਤਰ ਚੇਲਾ ਬਣਾਇਆ " ਤੇ ਗਰੀਬਾਂ ਦੀ ਸੇਵਾ ਤੇ ਖਾਸ ਕਰਕੇ ਲੋੜਵੰਦ ਲੜਕੀਆਂ ਦੀ ਸ਼ਾਦੀ ਕਰਨ ਦੀ ਪ੍ਰੇਰਨਾਦਾਇਕ ਸਿੱਖਿਆ ਦੇ ਕੇ, ਆਪਣੇ ਇਲਾਕੇ ਭਾਵ ਸ੍ਰੀ ਮੁਕਤਸਰ ਸਾਹਿਬ ਦੇ ਭਾਗ ਜਗਾਉਣ ਲਈ ਅਸ਼ੀਰਵਾਦ ਦੇ ਕੇ ਤੋਰਿਆ।

ਘਰ ਆ ਕੇ ਮਾਤਾ ਪਿਤਾ ਨੇ ਫਿਰ ਜਿੱਦ ਕਰਕੇ ਪਿੰਡ ਰਾਮੇਆਣੇ ਵਿੱਚ ਸੁਨਿਆਰ ਦੇ ਕੰਮ ਦੀ ਦੁਕਾਨਦਾਰੀ ਤੋਰ ਕੇ ਦਿੱਤੀ, ਪਰ ਬਾਬਾ ਜੀ ਦਾ ਮਨ ਤਾਂ ਸਦਾ ਸੇਵਾ ਲਈ ਹੀ ਭਟਕਦਾ ਰਹਿੰਦਾ ਸੀ, ਬਾਬਾ ਜੀ ਹੱਥੀ ਕੰਮ ਨੂੰ ਤਰਜੀਹ ਦੇ

ਕੇ ਤੇ ਹੱਥੀ ਕੰਮ ਦੀ ਨਸੀਹਤ ਵੀ ਦਿੰਦੇ ਰਹਿੰਦੇ ਹਨ। ਘੁੰਮਦੇ-ਘੁੰਮਾਉਂਦੇ ਜਦੋਂ ਬਾਬਾ ਬਲਵਿੰਦਰ ਸਿੰਘ ਰਾਮੇਆਣੇ ਪਹੁੰਚੇ ਤਾਂ ਉਹਨਾਂ ਸੋਨੀ ਬਾਬਾ ਜੀ ਨੂੰ ਕਿਹਾ ਕੇ ਆਪ ਦੀ ਡਿਊਟੀ ਤਾਂ ਸੇਵਾ ਲਈ ਲਗਾਈ ਸੀ, ਪਰ ਆਪ ਫੇਰ ਦੁਨੀਆਦਾਰੀ ਦੇ ਝੂਠੇ ਧੰਦਿਆਂ ਵਿੱਚ ਪੈ ਗਏ ਹੋ ਉਹਨਾਂ ਦਾ ਹੁਕਮ ਮੰਨ ਕੇ ਬਾਬਾ ਜੀ ਨੇ ਸਾਰੀ ਦੁਕਾਨ ਦਾ ਕੀਮਤੀ ਸਮਾਨ ਵੇਚ ਕੇ ਪੰਜ ਲੜਕੀਆਂ ਦੀ ਸ਼ਾਦੀ ਤੇ ਲਗਾ ਦਿੱਤਾ, ਤੇ 2006 ਵਿੱਚ ਫਿਰ ਰੁਪਾਨੇ ਆ ਗਏ। ਤਿਆਗ ਦੀ ਮੂਰਤ ਬਾਬਾ ਜੀ ਦੀ ਇਸ ਕਰਾਮਾਤ ਦਾ ਮਾਤਾ-ਪਿਤਾ ਤੇ ਕਾਫੀ ਅਸਰ ਹੋਇਆ, ਤੇ ਉਹਨਾਂ ਨੇ ਵੀ ਬਾਬਾ ਸੋਨੀ ਜੀ ਦਾ ਪੂਰਾ ਸਾਥ ਦਿੱਤਾ। ਸ੍ਰੀ ਮੁਕਤਸਰ ਸਾਹਿਬ ਦੇ ਕਿਸੇ ਸ਼ੈਲਰ ਮਾਲਕ ਨੇ ਬਾਬਾ ਜੀ ਨਾਲ ਬਚਨ ਬਲਾਸ ਕਰਦਿਆਂ ਕਿਹਾ ਕਿ ਹਸਪਤਾਲਾਂ ਦੇ ਮਰੀਜਾਂ ਲਈ ਲੰਗਰ ਸੇਵਾ ਕਰੋ। ਬਾਬਾ ਜੀ ਨੇ ਉਹਨਾਂ ਦਾ ਹੁਕਮ ਸਿਰ ਮੱਥੇ ਪ੍ਰਵਾਨ ਕਰਕੇ ਡੱਬਵਾਲੀ ਵਿਖੇ 11 ਲੜਕੀਆਂ ਦੀ ਸ਼ਾਦੀ ਕੀਤੀ ਤੇ ਸਰਕਾਰੀ ਹਸਪਤਾਲ ਵਿੱਚ ਉੱਥੋਂ ਦੇ ਸਵਰਨਕਾਰ ਸੰਘ ਨਾਲ ਮਿਲ ਕੇ ਲੰਗਰ ਦੀ ਸੇਵਾ ਵੀ ਸ਼ੁਰੂ ਕੀਤੀ। ਇਸੇ ਤਰ੍ਹਾਂ ਹੀ ਸ੍ਰੀ ਮੁਕਤਸਰ ਸਾਹਿਬ ਵਿੱਚ ਵੀ ਸੋਨੀ ਬਾਬਾ ਜੀ ਨੇ ਸਰਕਾਰੀ ਹਸਪਤਾਲ ਸਮੇਤ ਗੁਰੂ ਨਾਨਕ, ਅਸ਼ੀਰਵਾਦ, ਭੰਡਾਰੀ, ਆਦੇਸ਼ ਅਤੇ ਹੋਰ ਵੀ ਸਾਰੇ ਸ਼ਹਿਰ ਦੇ 28 ਹਸਪਤਾਲਾਂ ਵਿੱਚ ਦੋ ਸਮੇਂ ਦੀ ਨਿਰਵਿਘਨ ਲੰਗਰ ਸੇਵਾ ਸ਼ੁਰੂ ਕੀਤੀ ਹੋਈ ਹੈ।

ਬਾਬਾ ਸੋਨੀ ਜੀ ਦੀ ਇਸ ਸੇਵਾ ਤੋਂ ਪ੍ਰਭਾਵਿਤ ਹੋ ਕੇ ਮੈਡੀਕਲ ਕਾਲਜ ਫਰੀਦਕੋਟ ਦੇ ਨਾਲ (ਫਰੀਦਕੋਟ ਵਿਖੇ) ਇੱਕ ਗੁਰਦੁਆਰਾ ਸਾਹਿਬ ਸਾਹਿਬਜਾਦਾ ਅਜੀਤ ਸਿੰਘ ਜੀ ਦਾ ਨੀਂਹ ਪੱਥਰ ਵੀ ਉੱਥੋ ਦੀ ਸੰਗਤ ਨੇ ਬਾਬਾ ਸੋਨੀ ਜੀ ਤੋਂ ਉਹਨਾਂ ਦੇ ਕਰ ਕਮਲਾਂ ਨਾਲ ਰਖਾਇਆ ਤੇ ਉੱਥੇ ਕੈਪਟਨ ਧਰਮ ਸਿੰਘ ਸੇਵਾਦਾਰ ਨੇ ਵੀ ਖੁੱਲ੍ਹਾ ਲੰਗਰ ਹਰ ਸਮੇਂ ਚਲਾਇਆ ਹੋਇਆ ਹੈ ਜੋ ਨਿਰੰਤਰ ਚਾਲੂ ਰਹਿੰਦਾ ਹੈ, ਗੁਰੂ ਦੀ ਸੰਗਤ ਹਮੇਸ਼ਾਂ ਆਉਂਦੀ ਜਾਂਦੀ ਰਹਿੰਦੀ ਹੈ।

ਬਾਬਾ ਸੋਨੀ ਜੀ ਦੇ ਦੱਸਣ ਮੁਤਾਬਕ ਉਹਨਾਂ ਦੀ ਦੇਖ-ਰੇਖ ਤੇ ਇਲਾਕੇ ਦੀਆਂ ਸੰਗਤਾਂ ਦੇ ਪੂਰਨ ਸਹਿਯੋਗ ਨਾਲ ਹਜਾਰ ਦੇ ਕਰੀਬ ਸ਼ਾਦੀਆਂ ਅਮ੍ਰਿਤਸਰ ਵਿਖੇ, ਤੇ 500 ਤੋਂ ਵੱਧ ਸ਼ਾਦੀਆਂ ਮਾਲਵੇ ਭਾਵ ਸ੍ਰੀ ਮੁਕਤਸਰ ਸਾਹਿਬ ਦੇ ਇਲਾਕੇ ਵਿੱਚ ਹੋ ਚੁੱਕੀਆਂ ਹਨ, ਜਿਸ ਵਿੱਚ ਇਲਾਕੇ ਭਰ ਦੀਆਂ ਸੰਗਤਾਂ ਅਤੇ ਦਾਨੀ ਸੱਜਣਾਂ ਦਾ ਪੂਰਨ ਸਹਿਯੋਗ ਰਹਿੰਦਾ ਹੈ। ਬਾਬਾ ਜੀ ਕਹਿੰਦੇ ਹਨ ਕਿ ਮੈਂ ਤਾਂ ਇੱਕ ਨਿਮਾਣਾ ਜਿਹਾ ਸੇਵਕ ਹਾਂ, ਕਰਨ ਵਾਲੇ ਪਰਮ ਪਿਤਾ ਪਰਮਾਤਮਾ ਜਾਂ ਘਟ-ਘਟ ਦੀ ਜਾਨਣ ਵਾਲੇ ਆਪ ਹੀ ਹਨ। ਇਲਾਕੇ ਤੇ ਦਾਨੀ ਸੱਜਣਾਂ ਦੇ ਸਹਿਯੋਗ ਦੇ ਨਾਲ ਇਹ ਕੰਮ ਦਿਨ ਦੁਗਣੀ ਤੇ ਰਾਤ ਚੌਗਣੀ ਤਰੱਕੀ ਤੇ ਚੱਲ ਰਿਹਾ ਹੈ। ਮੈਂ ਨਿਮਾਣਾ ਸੰਗਤਾਂ ਦੀ ਚਰਣ ਧੂੜ ਹਾਂ।

ਪੁੱਛਣ ਤੇ ਬਾਬਾ ਸੋਨੀ ਜੀ ਨੇ ਦੱਸਿਆ ਕਿ ਪਹਿਲਾਂ-ਪਹਿਲਾਂ ਤਾਂ ਮੈਨੂੰ ਘਰੋਂ ਮੇਰੇ ਪਰਿਵਾਰ ਵੱਲੋਂ ਕੋਈ ਸਹਿਯੋਗ ਨਹੀ ਸੀ ਮਿਲਦਾ, ਪਰ ਹੁਣ ਮੈਨੂੰ ਕੋਈ

ਪ੍ਰੇਸ਼ਾਨੀ ਨਹੀ ਹੈ, ਮੇਰਾ ਸਾਰਾ ਪਰਿਵਾਰ ਤੇ ਸੇਵਾਦਾਰ ਵਧ ਚੜ ਕੇ ਸੇਵਾ ਕਰਦੇ ਹਨ। ਪਤਾ ਨਹੀ ਕਿੱਥੋਂ ਪਰਮ ਪਿਤਾ ਪਰਮਾਤਮਾ ਆਪੇ ਹੀ ਰਾਸ਼ਨ ਪਾਣੀ ਭੇਜ ਦਿੰਦਾ ਹੈ ਤੇ ਕੰਮ ਨੇਪਰੇ ਚੜਦਾ ਰਹਿੰਦਾ ਹੈ। ਪਿੱਛੇ ਜਿਹੇ ਰੁਪਾਨੇ ਵਿਖੇ ਸ਼ਾਦੀਆਂ ਵਿੱਚ ਦਾਸ ਨੂੰ ਵੀ ਜਾਣ ਦਾ ਸੁਭਾਗ ਪ੍ਰਾਪਤ ਹੋਇਆ, ਉੱਥੇ ਬਾਬਾ ਬਲਵਿੰਦਰ ਸਿੰਘ ਜੀ ਅੰਮ੍ਰਿਤਸਰ ਵਾਲੇ ਵੀ ਅਸ਼ੀਰਵਾਦ ਦੇਣ ਪਹੁੰਚੇ ਹੋਏ ਸਨ, ਉੱਥੋਂ ਦੀ ਖੁਸ਼ੀ ਵੇਖਿਆਂ ਹੀ ਬਣਦੀ ਸੀ।

ਸਿਰਫ 38 ਸਾਲ ਦੀ ਉਮਰ ਵਿੱਚ ਵਾਹਿਗੁਰੂ ਦੀ ਕਿਰਪਾ ਦ੍ਰਿਸ਼ਟੀ ਨਾਲ ਬਾਬਾ ਸੋਨੀ ਜੀ ਨੇ ਸੇਵਾ ਕਰਕੇ ਲੁਕਾਈ ਦੇ ਵਿੱਚ ਆਪਣੀ ਵੱਖਰੀ ਪਹਿਚਾਣ ਬਣਾ ਲਈ ਹੈ, ਇਸ ਦਾ ਸਿਹਰਾ ਇਲਾਕੇ ਦੀ ਸੰਗਤ, ਦਾਨੀ ਸੱਜਣਾਂ ਨੂੰ ਹੀ ਜਾਂਦਾ ਹੈ। ਬਾਬਾ ਜੀ ਇੱਕ ਨਿਮਾਣੇ ਸੇਵਕ ਵਾਂਗ ਐਸੀ ਸੇਵਾ ਅਖੀਰ ਤੱਕ ਨਿਭਾਉਂਦੇ ਰਹਿਣ ਤੇ ਉਹਨਾਂ ਦੀ ਉਮਰ ਲੰਬੀ ਹੋਵੇ, ਇਹ ਓਸ ਪਰਮ ਪਿਤਾ ਪ੍ਰਮਾਤਮਾ ਅੱਗੇ ਅਰਦਾਸ ਹੈ।

ਸੰਤ ਗੁਰਪ੍ਰੀਤ ਸਿੰਘ 'ਸੋਨੀ ਬਾਬਾ ਜੀ' ਰੁਪਾਣੇ ਵਾਲੇ

ਰੁਪਾਣੇ ਵਾਲਾ ਸੋਨੀ ਬਾਬਾ, ਕਰਦੈ ਉਦਮ ਬੇ-ਹਿਸਾਬਾ,
ਘਰ ਦੇ ਵਿੱਚ ਬਣਾ ਪ੍ਰਸ਼ਾਦਾ, ਮਰੀਜ਼ਾਂ ਤਾਈਂ ਪਚਾਉਂਦਾ ਹੈ..
ਹਸਪਤਾਲ ਉਹ ਕੱਲੇ ਕੱਲੇ ਵਿੱਚ ਗੇੜਾ ਲਾਉਂਦਾ ਹੈ..
ਸੇਵਕ ਕੌ ਸੇਵਾ ਬਣ ਆਈ, ਇਹੇ ਜਾਣੇ ਕੁਲ ਲੁਕਾਈ,
ਭਾਗਾਂ ਬਿਨ ਨਾ ਜਾਏ ਕਮਾਈ, ਜਾਨੇ ਕੁਲ ਜਮਾਨਾ ਜੀ..
ਕਹਿਣਾ ਬਹੁਤ ਹੈ ਸੌਖਾ, ਔਖਾ ਤੋੜ ਨਿਭਾਣਾ ਜੀ..
ਸੇਵਾਦਾਰ ਵੀ ਰਹਿੰਦੇ ਨਾਲ, ਸੇਵਾ ਕਰਦੇ ਨਿਹਚਾ ਨਾਲ,
ਬਾਬਾ ਰੱਖੇ ਬੜਾ ਖਿਆਲ, ਓੜ ਨਿਭਾਉਂਦੇ ਵਾਅਦਾ ਜੀ..
ਕਹਿੰਦੇ ਬਾਬਾ ਸੋਨੀ, ਤੁਹਾਡੇ ਬਿਨ ਮੈਂ ਕਾਹਦਾ ਜੀ..
ਰਾਸ਼ਨ ਕਿੱਥੋਂ ਕੌਣ ਲਿਆਉਂਦਾ, ਪਤਾ ਨਹੀ ਕੌਣ ਸੇਵ ਕਮਾਉਂਦਾ,
ਰੁਪਾਣੇ ਪਤਾ ਨੀ ਕੌਣ ਪਚਾਉਂਦਾ, ਉਹਦੀਆਂ ਉਹੋ ਜਾਣਦਾ ਜੀ..
ਕੋਈ ਦਾਲਾਂ ਕਰੇ ਤਿਆਰ, ਤੇ ਕੋਈ ਆਟਾ ਛਾਣਦਾ ਜੀ..
ਗਰਜ਼ਵੰਦ ਨੇ ਜਿਹੜੇ ਆਉਂਦੇ, ਕੰਨਿਆ ਦੀ ਸ਼ਾਦੀ ਕਰਵਾਉਂਦੇ,
ਆ ਕੇ ਨਾਮ ਜੋ ਦਰਜ ਕਰਾਉਂਦੇ, ਬਣਾ ਕੇ ਧੀਆਂ ਤੋਰਦੇ ਜੀ..
ਘਰੇਲੂ ਸਮਾਨ ਵੀ ਸਾਰਾ ਦਿੰਦੇ, ਖਾਲੀ ਕਦੇ ਨਾ ਮੋੜਦੇ ਜੀ..
ਦਿੰਦੇ ਵਧ ਚੜ੍ਹਕੇ ਜੋ ਦਾਨ, ਸਤਿਗੁਰੂ ਆਪੇ ਜਾਣਦਾ ਨਾਮ,
ਖਜਾਨੇ ਭਰ ਦਿੰਦੇ ਭਗਵਾਨ, ਕਮੀ ਕਦੇ ਕੋਈ ਰਹਿੰਦੀ ਨੀ,
'ਬਾਬੇ ਦੀ ਗੋਲਕ ਮੂੰਹ ਗਰੀਬ ਦਾ', ਲੁਕਾਈ ਐਂਵੇ ਤਾਂ ਕਹਿੰਦੀ ਨੀ..
ਸੋਨੀ ਬਾਬਾ ਜੀ ਸਮਝਾਉਂਦੇ, ਸਤਿਗੁਰੂ ਨਾਨਕ ਨੇ ਕਰਵਾਉਂਦੇ,
ਮੇਰਾ ਐਂਵੇ ਹੀ ਨਾਮ ਬਨਾਉਂਦੇ, ਕਰਨ ਕਰਾਵਣ ਆਪੇ ਜੀ..
ਐਂਵੇ ਭਰਮ ਲੁਕਾਈ ਪਾਲੇ, ਸਭ ਨੂੰ ਸੋਨੀ ਜਾਪੇ ਜੀ..
ਸਮਝੋ ਨਾ ਕੋਈ ਰਾਜਾ ਰਾਣਾ, ਮੈਂ ਸੰਗਤਾਂ ਦਾ ਦਾਸ ਨਿਮਾਣਾ,
ਮੰਨਕੇ ਸਤਿਗੁਰਾਂ ਦਾ ਭਾਣਾ, ਸੀਸ ਝੁਕਾਈ ਜਾਂਦਾ ਹਾਂ..
ਜੋ ਲੱਗੀ ਧੁਰੋਂ ਡਿਊਟੀ, ਉਹੋ ਨਿਭਾਈ ਜਾਂਦਾ ਹਾਂ..
ਕਰਨ ਜੋ ਤਨ ਮਨ ਧਨ ਨਾਲ ਸੇਵਾ, ਮਿਲਦਾ ਉਹਨਾਂ ਨੂੰ ਮਿੱਠਾ ਮੇਵਾ,
ਮੁੰਦਰੀ ਦੇ ਵਿੱਚ ਜੜ ਕੇ ਥੇਵਾ, ਭਾਗਾਂ ਵਾਲੇ ਪਾਵਣਗੇ..
ਜਿੰਨਾਂ ਦਾਨ ਸੇਵਾ ਨਾ ਕੀਤੀ ਉਹ ਪਿੱਛੋਂ ਪਛਤਾਵਣਗੇ..
'ਸ਼ਰਮਾ ਦੱਦਾਹੂਰੀਆ' ਕਹਿੰਦਾ, ਜੋ ਹੈ ਮੁਕਤਸਰ ਦੇ ਵਿੱਚ ਰਹਿੰਦਾ,
ਅਸ਼ੀਰਵਾਦ ਹੈ ਸਦਾ ਹੀ ਲੈਂਦਾ, ਦਰ ਤੇ ਜਾ ਕੇ ਸਤਿਗੁਰ ਦੇ..
ਭਰ ਲੋ ਝੋਲੀਆਂ ਦਾਤਾਂ ਦੀਆਂ ਆਜੋ ਦੁਆਰੇ ਸਤਿਗੁਰੂ ਦੇ..
————————————————————

ਪ੍ਰੇਰਨਾਤਮਿਕ ਪੈਂਤੀ

ੳ : ਉੱਠ ਕੇ ਤੂੰ ਕਰ ਇਸ਼ਨਾਨ ਬੰਦਿਆ।
ਰੱਖ ਸਦਾ ਯਾਦ ਭਗਵਾਨ ਬੰਦਿਆ॥
ਫਿਰ ਦੁਨੀਆਂਦਾਰੀ ਦੇ ਕੰਮ ਕਰੀਂ ਬੰਦਿਆ।
ਪਹਿਲਾਂ ਹਾਜਰੀ ਤੂੰ ਗੁਰੂ ਘਰੇ ਭਰੀਂ ਬੰਦਿਆ॥

ਅ : ਆਇਆਂ ਜਦੋਂ ਦਾ ਤੂੰ ਦੁਨੀਆਂ ਦੇ ਵਿੱਚ ਬੰਦਿਆ।
ਮਾਲਿਕ ਨੂੰ ਸਮਝਿਆ ਹੈ ਟਿੱਚ ਬੰਦਿਆ॥
ਜੇ ਰੱਖੇਂ ਦਿਲ ਵਿੱਚ ਸਦਾ ਉਹਦੀ ਖਿੱਚ ਬੰਦਿਆ।
ਉਹਦੇ ਦਰ ਤੇ ਨਹੀਂ ਹੋਵੇਂਗਾ ਤੂੰ ਜਿੱਚ ਬੰਦਿਆ॥

ੲ : ਇਕ ਦਾ ਜੇ ਸਦਾ ਹੋ ਕੇ ਰਹੇਂ ਬੰਦਿਆ।
ਦਿਲ ਵਾਲੀ ਗੱਲ ਉਹਨੂੰ ਕਹੇਂ ਬੰਦਿਆ॥
ਦੁਖ ਦਰਦ ਨਾ ਕਦੇ ਵੀ ਤੂੰ ਸਹੇਂ ਬੰਦਿਆ।
ਭਰ ਸੁੱਖਾਂ ਨਾਲ ਝੋਲੀਆਂ ਤੂੰ ਲਏਂ ਬੰਦਿਆ॥

ਸ : ਸੱਚਿਆਂ ਨੂੰ ਆਂਚ ਨਹੀਂ ਆਉਂਦੀ ਬੰਦਿਆ।
ਇਹੇ ਗੁਰੂਆਂ ਦੀ ਬਾਣੀ ਸਮਝਾਉਂਦੀ ਬੰਦਿਆ॥
ਨਾਲੇ ਭੁੱਲਿਆਂ ਨੂੰ ਰਸਤੇ ਹੈ ਪਾਉਂਦੀ ਬੰਦਿਆ।
ਚੰਗੇ ਕੰਮ ਇਹ ਕਰਨੇ ਸਿਖਾਉਂਦੀ ਬੰਦਿਆ॥

ਹ : ਹੱਥਾਂ ਨਾਲ ਕਰ ਪੁੰਨ ਦਾਨ ਬੰਦਿਆ।
ਸੱਚਾ ਸੁੱਚਾ ਬਣ ਇਨਸਾਨ ਬੰਦਿਆ॥
ਕਦੇ ਕਰੀਂ ਨਾ ਕਿਸੇ ਦਾ ਨੁਕਸਾਨ ਬੰਦਿਆ।
ਬਣੀ ਨੇਕ ਪਰ ਬਣੀ ਨਾ ਹੈਵਾਨ ਬੰਦਿਆ॥

ਕ : ਕਮਾਈ ਹੱਕ ਦੀ ਹੀ ਕਰਕੇ ਤੂੰ ਖਾਈਂ ਬੰਦਿਆ।
ਗੁਰਬਾਣੀ ਦਿਆਂ ਬੋਲਾਂ ਨੂੰ ਪੁਗਾਈ ਬੰਦਿਆ॥
ਕੁਝ ਸੇਵਾ ਪ੍ਰਮਾਰਥ 'ਚ ਵੀ ਲਾਵੀਂ ਬੰਦਿਆ।
ਥੋੜ੍ਹਾ ਭੁੱਖਿਆਂ ਨੂੰ ਭੋਜਨ ਕਰਾਈਂ ਬੰਦਿਆ॥

ਖ : ਖੁਸ਼ ਰਹਿਣਾ ਸਿੱਖ ਤੂੰ ਜਰੂਰ ਬੰਦਿਆ।
ਨਾ ਕਰੀ ਕਿਸੇ ਗੱਲ ਦਾ ਗਰੂਰ ਬੰਦਿਆ॥
ਕਦੇ ਮਾਲਿਕ ਨੂੰ ਸਮਝੀ ਨਾ ਤੂੰ ਦੂਰ ਬੰਦਿਆ।
ਉਹ ਰਹਿੰਦਾ ਹਰ ਵੇਲੇ ਹਾਜਰ ਹਜੂਰ ਬੰਦਿਆ॥

ਗ : ਗਾਲ ਲਵੀਂ ਨਾ ਤੂੰ ਸੋਹਲ ਜਵਾਨੀ ਬੰਦਿਆ।
ਮਸਾਂ ਹੱਥ ਆਈ ਇਹ ਜਿੰਦਗਾਨੀ ਬੰਦਿਆ॥

ਨਾ ਕਰੀਂ ਕਿਸੇ ਗੱਲ ਦੀ ਨਾਦਾਨੀ ਬੰਦਿਆ।
ਆਇਆ ਜਨਮ ਇਹ ਹੱਥ ਹੈ ਲਾਸਾਨੀ ਬੰਦਿਆ॥

ਘ : ਘਰ ਦੀ ਸੰਭਾਲ ਜਿੰਮੇਵਾਰੀ ਬੰਦਿਆ।
ਇਸ ਕੰਮ ਤੋਂ ਨਾ ਕਰੀ ਇਨਕਾਰ ਬੰਦਿਆ॥
ਇਹੇ ਲੱਗੀ ਹੈ ਡਿਊਟੀ ਤੇਰੀ ਭਾਰੀ ਬੰਦਿਆ।
ਕਰ ਜਾਵੀਂ ਨਾ ਤੂੰ ਐਵੇਂ ਹੀ ਲਾਚਾਰੀ ਬੰਦਿਆ॥

ਙ : ਙਈਏਂ ਵਾਂਗੂੰ ਨਾ ਖਾਲੀ ਰਹਿ ਜਾਈਂ ਬੰਦਿਆ।
ਕੰਮ ਆਪਣਾ ਨਾ ਕਦੇ ਤੂੰ ਭੁਲਾਈ ਬੰਦਿਆ॥
ਦੀਨ ਆਪਣੇ ਤੋਂ ਡੋਲ ਨਾ ਤੂੰ ਜਾਈਂ ਬੰਦਿਆ।
ਬੋਲ ਜੀਅ ਜਾਨ ਨਾਲ ਤੂੰ ਨਿਭਾਈ ਬੰਦਿਆ॥

ਚ : ਚੱਲ ਕੇ ਗੁਰੂ ਦੇ ਘਰ ਆਵੀਂ ਬੰਦਿਆ।
ਨਾਲ ਖੁਸ਼ੀਆਂ ਦੇ ਝੋਲੀਆਂ ਭਰਾਵੀਂ ਬੰਦਿਆ॥
ਨਾ ਪਾਲਣਹਾਰ ਨੂੰ ਕਦੇ ਤੂੰ ਰੁਸਾਵੀਂ ਬੰਦਿਆ।
ਜਪ ਨਾਮ ਨਾਲ ਓਸ ਨੂੰ ਰਿਝਾਵੀਂ ਬੰਦਿਆ॥

ਛ : ਛੱਡ ਦੇ ਤੂੰ ਨਸ਼ੇ ਸਾਰੇ ਮਾੜੇ ਬੰਦਿਆ।
ਇਹ ਘਰਾਂ ਵਿੱਚ ਪਾਉਂਦੇ ਨੇ ਪੁਆੜੇ ਬੰਦਿਆ॥
ਲਾਉਣੈਂ ਘਰਦਿਆਂ ਨੂੰ ਨਿੱਤ ਨਵੇਂ ਲਾਰੇ ਬੰਦਿਆ।
ਸਮਝਾ-ਸਮਝਾ ਕੇ ਥੱਕ ਗਏ ਨੇ ਸਾਰੇ ਬੰਦਿਆ॥

ਜ : ਜਿੰਦਗੀ ਮਿਲੀ ਹੈ ਅਨਮੋਲ ਬੰਦਿਆ।
ਦੇਵੀਂ ਵਿਸ਼ਿਆਂ ਦੇ ਵਿੱਚ ਨਾ ਤੂੰ ਰੋਲ ਬੰਦਿਆ॥
ਦੱਸ ਰਹੇ ਨੇ ਸੰਤ ਸਭ ਖੋਲ੍ਹ ਬੰਦਿਆ।
ਐਵੇਂ ਲੁੱਟਿਆ ਨਾ ਜਾਵੀਂ ਅਨਭੋਲ ਬੰਦਿਆ॥

ਝ : ਝੁਕ ਕੇ ਜੇ ਸਿੱਖੇਂ ਤੂੰ ਜਿਉਣਾ ਬੰਦਿਆ।
ਫਿਰ ਮਾਣ ਵਾਲਾ ਰੁਤਬਾ ਤੂੰ ਪਾਉਣਾ ਬੰਦਿਆ॥
ਇਹੇ ਗੁਰੂ ਦਾ ਹੈ ਤੈਨੂੰ ਸਮਝਾਉਣਾ ਬੰਦਿਆ।
ਨਹੀਂ ਹੰਕਾਰ ਨਾਲ ਕੁਝ ਵੀ ਥਿਆਉਣਾ ਬੰਦਿਆ॥

ਞ : ਞਈਏਂ ਵਾਗੂੰ ਜੇ ਰਹਿ ਗਿਆ ਵਿਹਲਾ ਬੰਦਿਆ।
ਫਿਰ ਹੋ ਜਾਣਾ ਬਹੁਤ ਹੀ ਕੁਵੇਲਾ ਬੰਦਿਆ॥
ਉੱਥੇ ਕੰਮ ਨਹੀਂ ਆਉਂਦਾ ਪੈਸਾ ਧੇਲਾ ਬੰਦਿਆ।
ਮਿਲਣਾ ਆਖ਼ਰ ਹੈ ਕਾਠ ਵਾਲੇ ਠੇਲਾ ਬੰਦਿਆ॥

ਟ : ਟੁੱਟ ਗਈ ਜੇ ਸਾਹਾਂ ਵਾਲੀ ਡੋਰ ਬੰਦਿਆ।
ਫਿਰ ਚੜ੍ਹ ਜਾਣੀ ਘਟਾ ਘਨਘੋਰ ਬੰਦਿਆ॥

ਉਦੋਂ ਝੁਰੇਂਗਾ ਜਿਉਂ ਝੂਰਦਾ ਹੈ ਮੋਰ ਬੰਦਿਆ।
ਸਾਥੀ ਨਾਮ ਬਿਨਾਂ ਲੱਭਣਾ ਨਹੀਂ ਹੋਰ ਬੰਦਿਆ॥

ਠ : ਠੱਗੀ ਚੋਰੀ ਬੇਈਮਾਨੀ ਮਾੜੀ ਬੰਦਿਆ।
ਹੱਕ ਸੱਚ ਦੀ ਕਰ ਲਈਂ ਦਿਹਾੜੀ ਬੰਦਿਆ॥
ਬੀਜ ਲਵੀਂ ਨਾਂ ਤੂੰ ਪਾਪਾਂ ਦੀ ਕਿਆਰੀ ਬੰਦਿਆ।
ਤੈਨੂੰ ਮਿਲੀ ਹੈ ਖੁਦ-ਮੁਖਤਿਆਰੀ ਬੰਦਿਆ॥

ਡ : ਡੋਰ ਜ਼ਿੰਦਗੀ ਦੀ ਟੁੱਟ ਜਾਣੀ ਤੇਰੀ ਬੰਦਿਆ।
ਫ਼ਿਰ ਹੋ ਜਾਣਾ ਮਿੱਟੀ ਦੀ ਤੂੰ ਢੇਰੀ ਬੰਦਿਆ॥
ਨਾਲ ਕਿਸੇ ਦੇ ਨਾ ਕਰੀਂ ਹੇਰਾ ਫੇਰੀ ਬੰਦਿਆ।
ਮੱਤ ਆਖਿਰ ਦੀ ਐਨੀ ਹੀ ਬਥੇਰੀ ਬੰਦਿਆ॥

ਢ : ਢੱਕ ਦੇਊਗਾ ਉਹ ਸਾਰੇ ਹੀ ਗੁਨਾਹ ਬੰਦਿਆ।
ਜੇ ਗੁਰੂ ਦੀ ਤੂੰ ਲੈ ਲਏਂ ਪਨਾਹ ਬੰਦਿਆ॥
ਹੋਣਾ ਸਭ ਕੁਝ ਅੰਤ ਫ਼ਨਾਹ ਬੰਦਿਆ।
ਹਾਲੇ ਹੱਥ ਵਿੱਚ ਤੇਰੇ ਹੈ ਸਮਾਂ ਬੰਦਿਆ॥

ਣ : ਣਾਣੇਂ ਵਾਂਗੂੰ ਨਾ ਪਿੱਛੇ ਕਦੇ ਰਹਿਣਾ ਬੰਦਿਆ।
ਫਿਰ ਦੁਨੀਆਂ 'ਚ ਨਹੀਓਂ ਮੁੱਲ ਪੈਣਾ ਬੰਦਿਆ॥
ਝੂਠੇ ਧੰਦਿਆਂ ਤੋਂ ਦੱਸ ਤੂੰ ਕੀ ਲੈਣਾ ਬੰਦਿਆ।
'ਦੱਦਾਹੂਰੀਏ' ਦਾ ਵਾਰ ਵਾਰ ਕਹਿਣਾ ਬੰਦਿਆ॥

ਤ : ਤੱਕ ਲਵੇਂ ਜੇ ਤੂੰ ਚਾਰ ਚੁਫ਼ੇਰਾ ਬੰਦਿਆ।
ਜਦੋਂ ਖੁੱਲ੍ਹੇ ਨੀਂਦ ਉਦੋਂ ਹੀ ਸਵੇਰਾ ਬੰਦਿਆ॥
ਇਹ ਆਖ਼ਦਾ ਹੈ ਜਿੰਦਾ ਰਾਮ ਤੇਰਾ ਬੰਦਿਆ।
ਕਰ ਲਵੀਂ ਨਾ ਤੂੰ ਜਿੰਦਗੀ 'ਚ ਹਨੇਰ ਬੰਦਿਆ॥

ਥ : ਥੋੜ ਜਿੰਦਗੀ 'ਚ ਕਦੇ ਵੀ ਨਾ ਆਵੇ ਬੰਦਿਆ।
ਜਿਹੜਾ ਮਾਲਕ ਦੇ ਬੋਲ ਪੁਗਾਵੇ ਬੰਦਿਆ॥
ਨਾਲ ਖੁਸ਼ੀਆਂ ਦੇ ਝੋਲੀਆਂ ਭਰਾਵੇ ਬੰਦਿਆ।
ਫਿਰ ਜੀਵਨ 'ਚ ਨਾ ਉਹ ਪਛਤਾਵੇ ਬੰਦਿਆ॥

ਦ : ਦਾਰੂ ਗੁਰੂ ਜੀ ਦੇ ਨਾਮ ਵਾਲੀ ਪੀ ਬੰਦਿਆ।
ਸਾਦਾ ਜੀਵਨ ਤੂੰ ਜੱਗ ਵਿੱਚ ਜੀਅ ਬੰਦਿਆ॥
ਅੱਲ੍ਹੇ ਜਖ਼ਮ ਨਾਮ ਵਾਲੀ ਸੂਈ ਨਾਲ ਸੀਅ ਬੰਦਿਆ।
ਲੈ ਜਾਣਾ ਜੱਗ ਵਿੱਚੋਂ ਦੱਸ ਖਾਂ ਤੂੰ ਕੀ ਬੰਦਿਆ॥

ਧ : ਧੰਨ ਨਾਮ ਵਾਲਾ ਕੰਮ ਤੇਰੇ ਆਊ ਬੰਦਿਆ।
ਭਵਸਾਗਰ 'ਚੋਂ ਉਹੋ ਹੀ ਲੰਘਾਊ ਬੰਦਿਆ॥

ਜੋ ਗੁਰੂ ਦਰ ਉੱਤੇ ਹਾਜਰੀ ਲਵਾਊ ਬੰਦਿਆ।
ਕੁੱਲਾਂ ਨੂੰ ਵੀ ਪਾਰ ਉਹ ਲਾਊ ਬੰਦਿਆ॥

ਨ : ਨੀਵਿਆਂ ਰੁੱਖਾਂ ਨੂੰ ਫ਼ਲ ਲੱਗੇ ਬੰਦਿਆ।
ਦੱਸਦੇ ਪੋਥੀਆਂ ਗ੍ਰੰਥ ਨੇ ਇਹ ਸੱਭੇ ਬੰਦਿਆ॥
ਜੋ ਮੰਨਦੇ ਨਹੀਂ ਜਾਂਦੇ ਨੇ ਉਹ ਠੱਗੇ ਬੰਦਿਆ।
ਸੱਚ ਮੰਨ ਲੈਂਦੇ ਤਰ ਜਾਂਦੇ ਸੱਭੇ ਬੰਦਿਆ॥

ਪ : ਪੜ੍ਹ ਲੈ ਗਰੰਥ ਭਾਂਵੇਂ ਚਾਰ ਬੰਦਿਆ।
ਬਿਨ੍ਹਾਂ ਅਮਲਾਂ ਤੋਂ ਸੱਭ ਨੇ ਬੇਕਾਰ ਬੰਦਿਆ॥
ਕਰੇਂ ਅਮਲ ਤਾਂ ਲੱਗੂ ਬੇੜਾ ਪਾਰ ਬੰਦਿਆ।
ਇਹੇ ਕਰ ਲੈ ਤੂੰ ਸੋਚ ਤੇ ਵਿਚਾਰ ਬੰਦਿਆ॥

ਫ : ਫੁੱਲਾਂ ਵਾਗੂੰ ਜਿੰਦਗੀ ਤੂੰ ਜੀਅ ਬੰਦਿਆ।
ਲੈ ਜਾਵਣਾ ਹੈ ਦੁਨੀਆਂ 'ਚੋਂ ਕੀ ਬੰਦਿਆ॥
ਕੰਮ ਆਵਣਾ ਨਹੀਂ ਕੋਈ ਪੁੱਤ ਧੀ ਬੰਦਿਆ।
ਵਾਲ ਹਿੱਕ ਦੇ ਬਣਾਏ ਜੋ ਤੂੰ ਸੀ ਬੰਦਿਆ॥

ਬ : ਬੋਲਾਂ ਵਿੱਚ ਮਿੱਠਤ ਲੈ ਤੂੰ ਭਰ ਬੰਦਿਆ।
ਸੱਚੇ ਰੱਬ ਕੋਲੋਂ ਹਰ ਵੇਲੇ ਡਰ ਬੰਦਿਆ॥
ਨਾਲ ਕਿਸੇ ਦੇ ਨਾ ਬਿਲਕੁਲ ਲੜ ਬੰਦਿਆ।
ਹਰ ਵੇਲੇ ਹੀ ਤੂੰ ਕਰ ਹਰ ਹਰ ਬੰਦਿਆ॥

ਭ : ਭਰਮ ਭੁਲੇਖੇ ਦਿਲੋਂ ਕੱਢ ਬੰਦਿਆ।
ਮਾੜੇ ਕੰਮ ਕਰਨੇ ਵੀ ਛੱਡ ਬੰਦਿਆ॥
ਨਸ਼ੇ ਚੰਦਰੇ ਨੇ ਦੁਨੀਆਂ ਦੇ ਸੱਭ ਬੰਦਿਆ।
ਗਾਲ ਦੇਣਗੇ ਇਹ ਚੰਮ ਅਤੇ ਹੱਡ ਬੰਦਿਆ॥

ਮ : ਮੁਕਦੇ ਨਾ ਤੇਰੇ ਕੰਮ ਧੰਦੇ ਬੰਦਿਆ।
ਜਿੰਦਗੀ 'ਚ ਕੰਮ ਕਰ ਚੰਗੇ ਬੰਦਿਆ॥
ਨਾ ਪਾ ਲਵੀਂ ਗਲ ਵਿੱਚ ਫੰਦੇ ਬੰਦਿਆ।
ਫਿਰ ਜੀਵਨ ਇਹ ਸੌਖਾ ਤੇਰਾ ਲੰਘੇ ਬੰਦਿਆ॥

ਯ : ਯਾਰੀ ਇਕ ਨਾਲ ਲਵੇਂ ਜੇ ਤੂੰ ਲਾ ਬੰਦਿਆ।
ਲਵੇਂ ਉਸੇ ਦੇ ਹੀ ਬੋਲਾਂ ਨੂੰ ਪੁਗਾ ਬੰਦਿਆ॥
ਦੇਵੇਂ ਪੰਜਾਂ ਨੂੰ ਹੀ ਫਿਰ ਤੂੰ ਹਰਾ ਬੰਦਿਆ।
ਸਵਾਸ ਸਵਾਸ ਵਿੱਚ ਉਸੇ ਨੂੰ ਧਿਆ ਬੰਦਿਆ॥

ਰ : ਰਾਮ ਨਾਮ ਦਾ ਜੇ ਚੜ੍ਹਜੇ ਸਰੂਰ ਬੰਦਿਆ।
ਫਿਰ ਸਮਝੀਂ ਨਾ ਉਹਨੂੰ ਕਦੇ ਦੂਰ ਬੰਦਿਆ॥

ਕਿਸੇ ਗੱਲ ਦਾ ਨਾ ਕਰ ਲਈਂ ਗਰੂਰ ਬੰਦਿਆ।
ਮਿਲੂ ਆਕੇ ਤੈਨੂੰ ਫਿਰ ਉਹ ਜਰੂਰ ਬੰਦਿਆ॥
ਲ : ਲੇਖਾ ਦੇਣਾ ਪੈਣਾ ਤੈਨੂੰ ਉਹਦੇ ਘਰ ਬੰਦਿਆ।
ਕੰਮ ਜਿੰਦਗੀ 'ਚ ਚੰਗੇ ਚੰਗੇ ਕਰ ਬੰਦਿਆ॥
ਉਹਦਾ ਪਾਕ ਤੇ ਪਵਿੱਤਰ ਹੈ ਦਰ ਬੰਦਿਆ।
ਸੱਚੀ ਨੀਤ ਨਾਲ ਲੜ ਉਹਦਾ ਫੜ੍ਹ ਬੰਦਿਆ॥
ਵ : ਵੱਖ ਵੱਖ ਨਾਮ ਪਰ ਉਹ ਹੈ ਇਕ ਬੰਦਿਆ।
ਵਸਦਾ ਹੈ ਹਰ ਇਕ ਵਿੱਚ ਬੰਦਿਆ॥
ਨਿਭਾਉਣੀ ਉਹਦੇ ਨਾਲ ਸੱਚੇ ਦਿਲੋਂ ਸਿੱਖ ਬੰਦਿਆ।
ਉਹਦੀ ਸਭ ਨਾਲੋਂ ਵੱਖਰੀ ਹੈ ਦਿੱਖ ਬੰਦਿਆ॥
ੜ : ਝਾੜੇ ਵਾਂਗੂੰ ਨਾ ਤੂੰ ਪਿੱਛੇ ਰਹਿ ਜਾਵੀਂ ਬੰਦਿਆ।
ਸਦਾ ਅੱਗੇ ਨੂੰ ਹੀ ਪੈਰ ਵਧਾਵੀਂ ਬੰਦਿਆ॥
ਕਦੇ ਕੁੱਲਾਂ ਤਾਈਂ ਲੀਕ ਨਾ ਲਵਾਵੀਂ ਬੰਦਿਆ।
'ਦੱਦਾਹੂਰੀਏ' ਦਾ ਕਹਿਣਾ ਨਾ ਭੁਲਾਵੀਂ ਬੰਦਿਆ॥
————————————

ਵਿਰਸਾ

ਛੋਟੇ ਹੁੰਦੇ ਖੇਤਾਂ ਦੇ ਵਿੱਚ ਡੰਗਰ ਜਦੋਂ ਚਰਾਉਂਦੇ ਸਾਂ।
ਗਰਮੀਆਂ ਦੇ ਵਿੱਚ ਉਦੋਂ ਅਸੀ ਤਾਂ ਛੱਪੜਾਂ ਦੇ ਵਿੱਚ ਨਹਾਉਂਦੇ ਸਾਂ॥
ਡੰਡੇ ਮਾਰ ਕੇ ਪਸ਼ੂਆਂ ਦੀ ਵੀ ਪੂਰੀ ਦੌੜ ਲਵਾਂਉਂਦੇ ਸਾਂ।
ਫੜ-ਫੜ ਪੂਛਾਂ ਉਹਨਾਂ ਦੀਆਂ ਤਾਗੀਆਂ ਖੂਬ ਲਗਾਉਂਦੇ ਸਾਂ॥

ਆੜੀਆਂ ਦੇ ਨਾਲ ਜਿਦ-ਜਿਦ ਕੇ ਸਾਈਕਲ ਪੂਰੇ ਭਜਾਉਂਦੇ ਸਾਂ।
ਜਿੱਤ ਕੇ ਕੌਣ ਹੈ ਘਰ ਨੂੰ ਜਾਂਦਾ, ਦਿਲੋਂ ਇਹੀ ਅਜਮਾਉਂਦੇ ਸਾਂ॥
ਆਪ ਚੁਪਦੇ ਆੜੀਆਂ ਨੂੰ ਵੀ, ਗੰਨੇ ਖੂਬ ਚਪਾਉਂਦੇ ਸਾਂ।
ਟਰਾਲੀਆਂ ਉੱਤੋਂ ਖਿੱਚਣ ਦੇ ਲਈ ਪਿੱਛੇ ਸਾਈਕਲ ਲਾਉਂਦੇ ਸਾਂ॥

ਕਦੇ-ਕਦੇ ਟਰਾਲੀਆਂ ਵਾਲੇ ਕੁਡਿਆਂ ਨੂੰ ਹੱਥ ਪਾਉਂਦੇ ਸਾਂ।
ਜ਼ੋਰ ਨਾ ਲੱਗੇ ਸਾਈਕਲਾਂ ਉੱਤੇ ਅਨਰਜੀ ਅਸੀ ਬਚਾਉਂਦੇ ਸਾਂ॥
ਬਚਪਨ ਵਾਲੀਆਂ ਖੇਡਾਂ ਸਾਨੂੰ, ਜਦ ਵੀ ਚੇਤੇ ਆਉਂਦੀਆਂ ਨੇ।
ਦਾਦੇ ਬਨਣ ਦੇ ਪਿੱਛੋਂ ਹੁਣ ਤਾਂ, ਢਿੱਡੀ ਪੀੜਾਂ ਪਾਉਂਦੀਆਂ ਨੇ॥

ਮਾਡਰਨ ਬੱਚੇ ਉਹੋ ਰਹੇ ਨਾ, ਨਾ ਓਹ ਰਹੀਆਂ ਖੇਡਾਂ।
'ਦੱਦਾਹੂਰੀਏ' ਨੂੰ ਪੋਤੇ ਪੋਤੀਆਂ, ਅੱਜਕੱਲ੍ਹ ਕਰਨ ਝਹੇਡਾਂ॥
————————————

ਵਿਰਸਾ

ਰੰਗਵੇਂ ਸੂਤ ਦੀ ਪੀੜ੍ਹੀ 'ਤੇ ਨਾ ਘਰਾਂ 'ਚ ਪਲੰਘ ਨਵਾਰੀ।
ਹਾਰੀ ਹਾਰਾ ਦਿਸਦੇ ਨਾ, ਨਾ ਦਾਣਿਆਂ ਵਾਲੀ ਬੁਖਾਰੀ॥
ਬੋਰੀਆਂ ਵਿੱਚ ਪਾ ਕਣਕ ਨੂੰ ਅੱਜਕੱਲ੍ਹ, ਤੂੜੀ ਵਿੱਚ ਕੋਈ ਦੱਬਦਾ ਨਾ।
ਕਹਿੰਦੇ ਰਿਵਾਜ ਪੁਰਾਣਾ ਹੋਇਆ, ਹੁਣ ਤਾਂ ਇਹ ਕੰਮ ਫੱਬਦਾ ਨਾ॥

ਟੋਕਰੇ ਛਟੀਆਂ ਤੂਤ ਦੀਆਂ ਦੇ, ਕਿਧਰੇ ਕੋਈ ਬਣਾਉਂਦਾ ਨਹੀ।
ਸਣ ਬੀਜ ਕੇ ਛੱਪੜਾਂ ਦੇ ਵਿੱਚ ਕੋਈ ਹੁਣ ਦਬਾਉਂਦਾ ਨਹੀ॥
ਵਿੱਚ ਰਸੋਈ ਕੌਰੇ ਘੜੇ ਪਾਣੀ ਦੇ, ਰੱਖਣ ਦਾ ਰਿਵਾਜ ਨਹੀ।
ਆਰ.ਓ ਵਾਲਾ ਪਾਣੀ ਪੀਣ ਨਾਲ, ਹੁੰਦੀ ਸਿਹਤ ਖ਼ਰਾਬ ਨਹੀ॥

ਦਿਸਦੇ ਨਾ ਪੁਰਾਣੇ ਛਾਬੇ, ਚੰਗੇਰ ਜਿਸਨੂੰ ਕਹਿੰਦੇ ਸੀ।
ਨਾ ਦਿਸਦੀ ਪੀੜ੍ਹੀ ਲੱਕੜ ਦੀ ਜਿਸਦੇ ਉੱਤੇ ਬਹਿੰਦੇ ਸੀ॥
ਵਿੱਚ ਰਸੋਈ ਟੰਗਣੀ ਉੱਤੇ, ਆਲੂ ਲਸਣ ਤੇ ਗੰਢੇ ਰੱਖਦੇ ਸਾਂ।
ਜਦੋਂ ਲੋੜ ਸੀ ਪੈਂਦੀ ਉਦੋਂ ਟੰਗਣੀ ਉੱਪਰੋਂ ਚੱਕਦੇ ਸਾਂ॥

ਦੇਸੀ ਟਾਣਾ ਰਸੋਈ ਵਿੱਚ ਆਪਾ ਉਦੋਂ ਬਨਾਉਂਦੇ ਸੀ।
ਜਰੂਰੀ ਸਮਾਨ ਰਸੋਈ ਵਾਲਾ, ਚਿਣਤੀ ਲਾ ਟਿਕਾਉਂਦੇ ਸੀ॥
ਨਵੀਂਆਂ ਗੁੱਡੀਆਂ ਨਵੇਂ ਪਟੋਲੇ, ਅੱਜਕੱਲ੍ਹ ਦੁਨੀਆਂਦਾਰੀ ਦੇ।
ਨੌਟਾਂ ਵਾਲੇ ਹੋ ਗਏ ਆਪਾਂ, ਰੁਲ ਗਏ ਵਿੱਚ ਸਰਦਾਰੀ ਦੇ॥

ਜਾਨੋਂ ਵੱਧ ਸੀ ਪਿਆਰੀਆਂ ਚੀਜਾਂ, ਜੋ ਪੁਰਖਿਆਂ ਦਾ ਸਰਮਾਇਆ ਸੀ।
ਬਹੁਤ ਘਾਲਣਾਂ ਘਾਲ ਕੇ ਸਭ ਕੁਝ, ਉਹਨਾਂ ਆਪ ਬਨਾਇਆ ਸੀ॥
ਵਿੱਸਰ ਗਿਆ ਹੈ ਸਭ ਕੁਝ ਹੁਣ ਤਾਂ, ਚਾਅ ਅਧੂਰੇ ਰਹਿ ਗਏ ਨੇ।
ਅਜੋਕੀ ਪੀੜ੍ਹੀ ਨੂੰ ਵਿਖੌਣ ਲਈ ਬਜ਼ੁਰਗ, ਵਿੱਚ ਮਿਊਜ਼ਮਾਂ ਲੈ ਗਏ ਨੇ॥

ਕੁਝ ਤਾਂ ਰੱਖੋ ਸਾਂਭ ਦੋਸਤੋ ਪੁਰਖਿਆਂ ਦੀਆਂ ਨਿਸ਼ਾਨੀਆਂ ਨੂੰ।
'ਦੱਦਾਹੂਰੀਆ' ਸਭ ਕੁਝ ਭੁੱਲ ਕੇ, ਨਾ ਜਾਹਰ ਕਰੋ ਨਾਦਾਨੀਆਂ ਨੂੰ॥
————————————

ਵਿਰਸਾ

ਰਸੋਈ ਵਿੱਚ ਨਾ ਗਾਗਰ ਹੁਣ ਦਿਸੇ ਕਿਧਰੇ,
ਦਾਤ ਨਾਲ ਨਾ ਸਾਗ ਕੋਈ ਚੀਰਦਾ ਜੀ।
ਛੋਟੇ ਟੋਕੇ ਬਣਗੇ ਸਾਗ ਦੇ ਚੀਰਨੇ ਲਈ,
ਸ਼ੌਂਕ ਹੋ ਗਿਆ ਗਰੀਬ ਅਮੀਰ ਦਾ ਜੀ॥

ਹੱਥ ਪੱਖਾ ਪੱਖੀ ਮਧਾਣੀ ਅਲੋਪ ਹੋਗੇ,
ਪੁਰਾਤਨ ਘੜੀਆਂ ਵੀ ਕਿਧਰੇ ਦਿਸਦੀਆਂ ਨਾਂ।
ਖੂਹ ਟੋਭੇ ਵੀ ਬੀਤੇ ਦੀ ਬਾਤ ਹੋਗੇ,
ਬੀਬੀਆਂ ਡੋਲ ਨਾ ਪਾਣੀ ਹੁਣ ਖਿੱਚਦੀਆਂ ਨਾ॥

ਵੇਲਣੀ, ਕਪਾਹ ਪੇਂਜੇ ਨੂੰ ਹੁਣ ਕੋਈ ਪੁੱਛਦਾ ਨਾ,
ਮਸ਼ੀਨੀ ਯੁੱਗ ਹੈ ਹੋਰ ਦਾ ਹੋਰ ਹੋਇਆ।
ਮੰਜੇ ਮੰਜੀ ਵੀ ਬੁਨਣ ਦੀ ਜਾਂਚ ਭੁੱਲੇ,
ਡਬਲਬਿੱਡ ਦਾ ਅੱਜਕੱਲ੍ਹ ਦੌਰ ਹੋਇਆ॥

ਨਿਉਲ, ਕਾਠੀ ਊਠ ਦੀ ਰਹੀ ਨਾ ਯਾਦ ਵੀਰੋ,
ਪੱਠੇ ਲੱਦਣੇ ਊਠ ਤੇ ਭੁੱਲ ਗਏ ਹਾਂ।
ਗੱਡੇ, ਫਲ੍ਹੇ, ਉਲਟਾਵੇਂ ਹਲ ਭੁੱਲੇ,
ਨਵੇਂ ਜ਼ਮਾਨੇ 'ਚ ਵਿਕ ਹੀ ਮੁੱਲ ਗਏ ਹਾਂ॥

ਨਾਲੇ ਬੁਨਣ ਵਾਲਾ ਅੱਡਾ ਤੇ ਪਣਖ ਪੰਜਾ,
ਅਟੇਰਨ ਚਰਖਾ ਤੇ ਨਾ ਹੀ ਗੁੱਝ ਲੋਕੋ।
ਕਲਮ ਦਵਾਤ, ਬੱਤੀਆਂ ਵਾਲਾ ਸਟੋਵ,
ਟੋਕਨ ਸਾਈਕਲ ਦੀ ਵੀ ਰਹੀ ਨਾ ਸੁੱਝ ਲੋਕੋ॥

ਪੁਰਾਣੇ ਭਾਂਡੇ ਤੇ ਟੰਗਣੀਆਂ ਦਿਸਦੀਆਂ ਨਾ,
ਫੂਕਨੇ ਨਾਲ ਵੀ ਫੂਕ ਚੁੱਲੇ ਵੱਜਦੀ ਨਾ।
ਗੈਸ ਚੁੱਲਿਆਂ ਨੇ ਰਸੋਈ ਵਿਚ ਥਾਂ ਮੱਲੀ,
ਰੋਟੀ ਬੇਸ਼ੱਕ ਬਣਦੀ ਚੱਜਦੀ ਨਾ॥

ਨਵੇਂ ਜ਼ਮਾਨੇ ਵਿੱਚ ਕਲੰਡਰ ਭਾਂਵੇ ਤਿੰਨ ਆਗੇ,
ਪੁੰਨਿਆਂ, ਮੱਸਿਆ ਨਾ ਯਾਦ ਸੰਗਰਾਂਦ ਰਹਿੰਦੀ।
ਇਨ੍ਹਾਂ ਤਿੰਨਾਂ ਤੋਂ ਦੱਸੋ ਆਪਾਂ ਕੀ ਲੈਣਾਂ?
ਅਜੋਕੀ ਪੀੜ੍ਹੀ ਹੈ ਅੱਜਕੱਲ੍ਹ ਇਉਂ ਕਹਿੰਦੀ॥

ਕੀ ਤੋਂ ਕੀ ਹਾਂ ਬਣਗਏ ਦੋਸਤੋ ਓਏ,
ਪਿਛੋਕੜ ਰਿਹਾ ਨਾ ਯਾਦ ਕਿਉਂ ਭੁੱਲ ਬੈਠੇ।
ਸਮੇਂ ਦੇ ਨਾਲ ਬਦਲੋ ਬੇਸ਼ੱਕ ਸਾਰੇ,
ਪੱਛਮੀ ਸੱਭਿਆਚਾਰ ਤੇ ਕਾਸਤੋਂ ਭੁਲ ਬੈਠੇ॥

ਵਿਰਸਾ ਆਪਣਾ ਸਾਂਭ ਕੇ ਰੱਖਣਾ ਹੈ,
ਪੁਰਖਿਆਂ ਦੀਆਂ ਸਮਝ ਨਿਸ਼ਾਨੀਆਂ ਨੂੰ।
'ਦੱਦਾਹੂਰੀਆ' ਸੌ ਦੀ ਇਕ ਕਹਿੰਦਾ,
ਝੱਲਣਾ ਪੈਣਾ ਨਹੀ ਫਿਰ ਪ੍ਰੇਸ਼ਾਨੀਆਂ ਨੂੰ॥
————————————

ਵਿਰਸਾ

ਰਿਵਾਜ ਰਿਹਾ ਨਾ ਪਾਣੀ ਨੂੰ ਢੋਣ ਵਾਲਾ,
ਨਾ ਹੀ ਚੱਕੀਆਂ ਅੱਜਕੱਲ੍ਹ ਪੀਂਹਦੀਆਂ ਨੇ।
ਕੱਢਣਾ ਕੱਤਣਾ ਸਭ ਅਲੋਪ ਹੋਇਆ,
ਘਰਾਂ ਵਿੱਚ ਨਾ ਖੱਡੀਆਂ ਦੀਂਹਦੀਆਂ ਨੇ॥

ਮੀੜ੍ਹੀਆਂ ਗੁੰਦ ਕੇ ਕਈ ਦਿਨ ਖੋਲਣਾ ਨਾ,
ਸੱਗੀ ਫੁੱਲ ਵੀ ਸਿਰੋਂ ਅਲੋਪ ਹੋਏ।
ਚਰਖਾ ਕੱਤਣਾ ਧੀ, ਭੈਣ ਜਾਣਦੀ ਨਾ,
ਭੁੱਲੇ ਚੇਤਿਆਂ ਵਿੱਚੋਂ ਨੇ ਸ਼ੋਪ ਹੋਏ॥

ਕਸੀਦਾ ਕੱਢਣਾ ਸੋਹਣੇ ਡਿਜਾਇਨ ਪਾਉਣੇ,
ਕਰੋਸ਼ੀਏ ਨੂੰ ਹੁਣ ਕੁੜੀ ਕੋਈ ਜਾਣਦੀ ਨਾ।
ਛਾਬੇ ਟੋਕਰੇ ਬੋਹੀਏ ਤਿਆਰ ਕਰਕੇ,
ਪੇਕੇ ਘਰੋਂ ਕੋਈ ਸਹੁਰੀਂ ਲਿਆਂਵਦੀ ਨਾ॥

ਸੁਪਨਾ ਹੋ ਗਿਆ ਅੱਜਕੱਲ੍ਹ ਹਲ ਵਾਹੁਣਾ,
ਚਾਰ ਵਜੇ ਕੋਈ ਜੋਤਾ ਲਗਾਂਵਦਾ ਨਾ।
ਬਲਦ ਊਠ ਨਾਲ ਖੇਤੀ ਨਾ ਕਰੇ ਕੋਈ,
ਭੱਤਾ ਲੈ ਕੋਈ ਖੇਤਾਂ ਵਿੱਚ ਜਾਂਵਦਾ ਨਾ॥

ਅੱਜ ਵੀਹ ਕਿੱਲੋ ਵਜਨ ਨਾ ਕਿਸੇ ਤੋਂ ਚੱਕ ਹੋਵੇ,
ਪਹਿਲੇ ਨੱਬੇ ਸੇਰ ਨੂੰ ਜੱਫਾ ਪਾਂਵਦੇ ਸਨ।
ਹੁਣ ਦੋ ਚਮਚੇ ਘੀ ਨਾਲ 'ਮਰੋੜੇ' ਲੱਗ ਜਾਂਦੇ,
ਪਹਿਲੇ ਦੋ-ਦੋ ਸੇਰ ਪਚਾਂਵਦੇ ਸਨ॥

ਕੁਸ਼ਤੀ ਕਬੱਡੀ ਖੇਡ ਕੇ ਮੂੰਗਲੀਆਂ ਫੇਰਦੇ ਸੀ,
ਮੁਗਧਰ ਨਾਲ ਸੀ ਜੋਰ ਅਜਮਾਈ ਕਰਦੇ।
ਪੜ੍ਹਾਈ ਘੱਟ ਸਹਿਨਸ਼ੀਲਤਾ ਵੱਧ ਸੀਗੀ,
ਬਿਲਕੁਲ ਨਹੀ ਸੀ ਕਦੇ ਲੜ੍ਹਾਈ ਕਰਦੇ॥

ਆਦਰ ਸਤਿਕਾਰ ’ਤੇ ਪਿਆਰ ਸੀ ਦਿਲਾਂ ਅੰਦਰ,
ਪੈਰ੍ਹੀ ਹੱਥ ਵੀ ਵੱਡੇ ਦੇ ਲਾਂਵਦੇ ਸੀ।
ਹੱਥੀਂ ਕੰਮ ਸੀ ਆਪਣਾ ਆਪ ਕਰਦੇ,
ਸੱਭ ਨੂੰ ਪਿਆਰ ਦੇ ਨਾਲ ਬਲਾਂਵਦੇ ਸੀ॥

ਵਿਆਹ ਮੰਗਣੇ ਸਨ ਸੱਭ ਘਰੀਂ ਕਰਦੇ,
ਸ਼ਰੀਕਾ ਕਬੀਲਾ ਹੀ ਸੱਭ ਸੰਭਾਲਦਾ ਸੀ।
ਖਿੜੇ ਮੱਥੇ ਸੀ ਜਿੰਮੇਵਾਰੀ ਓਟ ਲੈਂਦੇ,
ਵਿਆਹ ਗਰਮੀ ਦਾ ਭਾਂਵੇ ਸਿਆਲ ਦਾ ਸੀ॥

ਤਿਉਹਾਰਾਂ ਦਾ ਰਿਵਾਜ ਸੀ ਬਹੁਤ ਨਿਵੇਕਲਾ ਈ,
ਇਕੱਠੇ ਹੋ ਕੇ ਸਭ ਮਨਾਂਵਦੇ ਸਨ।
ਨਹੀ ਗਿਲਾ ਸ਼ਿਕਵਾ ਗੁੱਸਾ ਕੋਈ ਜਾਣਦਾ ਸੀ,
ਰਲਮਿਲ ਕੇ ਲੁੱਡੀਆਂ ਪਾਂਵਦੇ ਸਨ॥

ਰੁਝੇਵਿਆਂ ਭਰੀ ਨਹੀ ਸੀ ਬਹੁਤੀ ਜਿੰਦਗਾਨੀ,
ਵਾਤਾਵਰਨ ਵੀ ਬਹੁਤਾ ਪਲੀਤ ਨਹੀ ਸੀ।
ਸਾਦਾ ਸ਼ੁੱਧ ਸੀ ਸਾਰਾ ਹੀ ਖਾਣ ਪਾਣੀ,
ਮਰੂੰ-ਮਰੂੰ ਵੀ ਕਰਨ ਦੀ ਗੀਤ ਨਹੀ ਸੀ॥

ਪਹਿਲਾ ਸਭ ਕੁਝ ਹੀ ਅੱਜ ਵਿਸਰ ਗਿਆ,
ਪਹਿਲਾਂ ਕੀ ’ਤੇ ਅੱਜ ਅਸੀ ਕੀ ਵੀਰੋ ?
‘ਦੱਦਾਹੂਰੀਆ’ ਕਰੋ ਖਾਂ ਗੌਰ ਸਾਰੇ,
ਕੀਹਨੇ ਪਾਈ ਨਿਵੇਕਲੀ ਲੀਹ ਵੀਰੋ ?
————————

ਵਿਰਸਾ

(ਉਹੋ ਰਿਵਾਜ ਹੀ ਜਾਨੋ ਪਿਆਰੇ ਸੀ)

ਭੇਲੀ ਲੈ ਕਿ ਲਾਗੀ ਅੱਜ+ਕੱਲ੍ਹ ਕਿਤੇ ਨਾ ਜਾਂਦਾ ਕੋਈ।
ਸਾਹੇ ਚਿੱਠੀ ਭੇਜਣ ਦੀ ਵੀ ਗੀਤ ਪੁਰਾਣੀ ਹੋਈ॥
ਕੁਝ ਦਿਨ ਪਹਿਲਾਂ ਮਾਈਆਂ ਗੌਣ ਹੁਣ ਤਾਂ ਕੋਈ ਬਿਠਾਵੇ ਨਾ।
ਮਾਡਰਨ ਬੱਚੇ ਹੋਏ ਸਾਰੇ ਗਾਨਾ ਕੋਈ ਬੰਨ੍ਹਾਵੇ ਨਾ॥

ਗਾਨਾ ਖੋਲ੍ਹ ਵੀ ਦੂਜੀ ਜੂਹ ਤਾਂ ਹੀ ਸੁਟਿੱਆ ਜਾਊਗਾ।
ਜੇਕਰ ਖੁਸ਼ੀ ਨਾਲ ਮੁੰਡਾ ਕੁੜੀ ਗਾਨਾ ਕੋਈ ਬੰਨ੍ਹਾਊਗਾ॥
ਬਰਾਤ ਦੇ ਵੇਲੇ ਜੰਡੀ ਵੱਢਣਾ ਸਭਨਾ ਨੂੰ ਹੀ ਭੁੱਲ ਗਿਆ।
ਸੱਚੀ ਗੱਲ ਹੈ ਦੋਸਤੋ ਅੱਜਕੱਲ੍ਹ ਵਿਰਸਾ ਪੈਰੀ ਰੁਲ ਗਿਆ॥

ਜਾਗੋ ਕੱਢ ਕਿ ਮੇਲ ਨਾਨਕਾ ਛੱਜ ਖੂਬ ਖੜਕਾਉਂਦਾ ਸੀ।
ਮਾਮੀ ਚੱਕਦੀ ਜਾਗੋ ਸਿਰ ਤੇ ਮਾਮਾ ਬੋਲੀਆਂ ਪਾਉਂਦਾ ਸੀ॥
ਸ਼ਰੀਕਾ ਕਬੀਲਾ ਤੇਲ ਜਾਗੋ ਵਿੱਚ ਪਾ ਕੇ ਫ਼ਰਜ ਨਿਭਾਉਂਦਾ ਸੀ।
ਜਾਗਦੇ ਰਹੋ ਕਹਿ ਮੇਲ ਨਾਨਕਾ, ਸਾਰਾ ਪਿੰਡ ਜਗਾਉਂਦਾ ਸੀ॥

ਵਟਣਾ ਮਲ ਕੇ ਤੇਲ ਚੜ੍ਹਾ ਕੇ, ਨਹਾਈ ਧੋਈ ਕਰਵਾਉਂਦੇ ਸੀ।
ਚੱਪਣੀਆਂ ਭੰਨ੍ਹੀਆਂ ਜਾਂਦੀਆਂ ਸੀ ਜਦੋਂ ਖਾਰਿਉਂ ਮਾਮੇ ਲਾਹੁੰਦੇ ਸੀ॥
ਸੈਂਤ ਵੇਲੇ ਵੀ ਸਾਰੇ ਜਾਨਣ ਲੋੜ ਮਾਮੇ ਦੀ ਪੈਂਦੀ ਸੀ।
ਪੰਡਤ ਨੂੰ ਵੀ ਦੱਕਸ਼ਣਾ ਪੂਜਾ ਦੀ ਝਾਕ ਮਾਮੇ ਤੋਂ ਰਹਿੰਦੀ ਸੀ॥

ਲਾਡਾ ਚਾਵਾਂ ਨਾਲ ਵਿਆਂਦੜ ਨੂੰ, ਲੈ ਬਰਾਤ ਜਦ ਤੁਰਦੀ ਸੀ।
ਕਲੀਆਂ ਗਾਉਂਦੀ ਬੋਲੀਆਂ ਪਾਉਂਦੀ, ਅਗਲੇ ਘਰ ਜਾ ਢੁੱਕਦੀ ਸੀ॥
ਢੋਲ ਵਾਲੇ ਤੇ ਭੰਡਾਂ ਨੂੰ ਵੀ, ਉਦੋਂ ਨਾਲ ਲਿਜਾਂਦੇ ਸੀ।
ਹਾਜਰ ਜਵਾਬ ਸੀ ਹੁੰਦੇ, ਹਸਾ-ਹਸਾ ਢਿੱਡੀਂ ਪੀੜਾਂ ਪਾਂਦੇ ਸੀ॥

ਗੱਲਾਂ-ਗੱਲਾਂ ਨਾਲ ਉਹ, ਜਾਨੀਆਂ ਕੋਲੋਂ ਨੋਟ ਕਢਾਉਂਦੇ ਸੀ।
ਖੂਬ ਮਸ਼ਕਰੀਆਂ ਕਰਦੇ ਸੀ, ਤੇ ਨਾਲੇ ਖੂਬ ਹਸਾਉਂਦੇ ਸੀ॥
ਬਾਰ ਰੋਕ ਕੇ ਕੁੜੀਆਂ ਵੀ, ਧੜਮੱਚੜ ਬਹੁਤ ਮਚਾਉਂਦੀਆਂ ਸਨ।
ਲੱਕ ਮਿਣ ਕੇ ਜੀਜੇ ਦਾ, ਫਿਰ ਸਾਲੀਆਂ ਬੋਲੀ ਪਾਉਂਦੀਆਂ ਸਨ॥

ਮਿਲਨੀਆਂ ਮਗਰੋਂ ਅਨੰਦ ਕਾਰਜ, ਜਾਂ ਫੇਰੇ ਕਰਵਾਉਂਦੇ ਸੀ।
ਰਸਮ ਮਹਿੰਦੀ ਦੀ ਵਿਹਾਰ ਮੱਠੀਆਂ ਦਾ, ਰੋਟੀਓਂ ਬਾਅਦ ਨਿਭਾਉਂਦੇ ਸੀ॥
ਛੱਲੇ ਮੁੰਦੀ ਛੰਦ ਸਨਾਉਣੇ, ਸਿੱਖਿਆ ਸਿਹਰਾ ਪੜ੍ਹਦੇ ਸੀ।
ਰਸਮ ਰਿਵਾਜਾਂ ਵੇਖਣ ਦੇ ਲਈ, ਲੋਕੀਂ ਕੋਠੀਂ ਚੜ੍ਹਦੇ ਸੀ॥

ਜੁੱਤੀ ਚੁੱਕ ਲੁਕੋ ਲੈਣ ਦਾ ਕੁੜੀਆਂ ਦਾ ਵਿਹਾਰ ਸੀ।
ਲਾਗ ਬਿਨ ਨਹੀਂ ਸੀ ਦਿੰਦੀਆਂ, ਲਾੜਾ ਭਾਂਵੇ ਹੁਸ਼ਿਆਰ ਸੀ॥
ਸਿੱਠਣੀਆਂ ਅਤੇ ਬੋਲੀਆਂ ਰਾਹੀਂ, ਛੰਦ ਵੀ ਖੂਬ ਸੁਣਾਉਂਦੇ ਸੀ।
ਵੇਲੇ ਉਹੋ ਭਲੇ ਬਹੁਤ ਸੀ, ਗੁੱਸਾ ਨਹੀ ਮਨਾਉਂਦੇ ਸੀ॥

ਗਮਗੀਨ ਮਾਹੌਲ ਸੀ ਹੁੰਦਾ, ਜਦੋਂ ਡੋਲੀ ਘਰ 'ਚੋਂ ਤੋਰਦੇ ਸੀ।
ਕਾਰ ਦੇ ਪਹੀਆਂ ਤੇ ਪਾਣੀ ਪਾ ਕੇ, ਭਾਈ ਧੱਕਾ ਲਾ ਕਾਰ ਰੋੜਦੇ ਸੀ॥
ਕਾਰੋਂ ਡੋਲੀ ਲਾਹ ਕੇ ਸੱਸ, ਪਾਣੀ ਵਾਰ ਕੇ ਪੀਂਦੀ ਸੀ।
ਉਂਦੋਂ ਵੇਲੇ ਐਸੇ ਸਨ, ਸੱਸ ਨੂੰਹ ਨੂੰ ਵੇਖ ਕੇ ਜੀਂਦੀ ਸੀ॥

ਵਿੱਸਰ ਗਿਆ ਹੈ ਬਹੁਤ ਕੁਝ ਹੀ, ਕੁਝ ਉੱਤੋਂ 2 ਨਿਭਾਉਂਦੇ ਹਾਂ।
ਫ਼ਰਜ ਸਮਝ ਕੇ ਅਜੋਕੀ ਪੀੜ੍ਹੀ ਨੂੰ, 'ਵਿਰਸਾ' ਯਾਦ ਕਰਾਉਂਦੇ ਹਾਂ॥
ਪੁਰਾਣੇ ਗੀਤੀ ਰਿਵਾਜ ਯਾਦ ਰੱਖਣ ਦਾ, ਤੁਹੱਈਆ ਕਰੀਏ ਸਾਰੇ ਜੀ।
'ਸ਼ਰਮਾ' ਆਖੇ ਦੱਦਾਹੂਰੀਆ, ਉਹੋ ਰਿਵਾਜ ਹੀ ਜਾਨੋਂ ਪਿਆਰੇ ਸੀ॥

ਹੁਣ ਨੋਟਾਂ ਵਾਲੇ ਹੋ ਗਏ ਆਪਾਂ, ਪਰ ਕਿਸੇ ਕੋਲ ਵੀ ਟਾਇਮ ਨਹੀ।
ਇਸੇ ਕਰਕੇ ਪੁਰਾਣੇ ਗੀਤੀ ਰਿਵਾਜਾਂ ਉੱਤੇ, ਰਹਿੰਦਾ ਕੋਈ ਵੀ ਕਾਇਮ ਨਹੀ॥
ਪੁਰਾਣਾ ਸੱਭਿਆਚਾਰ ਤੇ ਵਿਰਸਾ, ਪੁਰਖਿਆਂ ਦੀ ਜਿੰਦ ਜਾਨ ਸੀ।
ਇਸੇ ਕਰਕੇ ਪੰਜਾਬ ਸਾਡੇ ਦੀ ਵੱਖਰੀ ਵੀਰੋ ਪਹਿਚਾਣ ਸੀ॥
————————————

ਵਿਰਸਾ

ਬਜ਼ੁਰਗ ਹੀ ਹੈ ਸਾਡਾ ਸਰਮਾਇਆ

ਦਾਦਿਆਂ ਨਾਲੋਂ ਪੋਤਿਆਂ ਯਾਰੀ ਤੋੜੀ, ਉਹਨਾਂ ਦੀ ਉਂਗਲ ਨਾ ਕੋਈ ਫੜਦਾ।
ਸੱਥਾ ਹੋਈਆਂ ਅਲੋਪ ਪਿੰਡਾਂ ਚੋਂ, ਕਿਤੇ ਕੋਈ ਜਾ ਕੇ ਨਾਲ ਨਾ ਖੜਦਾ॥
ਬੋਤਾ ਬਣਾ ਕੇ ਢੂਈ ਦਾਦੇ ਦੀ ਉੱਤੇ, ਪੋਤਾ ਨਾ ਕੋਈ ਚੜਦਾ।
ਪੰਜੀ ਦਸੀ ਰੁਪੱਈਏ ਪਿੱਛੇ, ਦਾਦੇ ਦੇ ਨਾਲ ਨਾ ਪੋਤਾ ਲੜਦਾ॥

ਇੱਛ ਇੱਛ ਕਰਕੇ ਦਾਦੇ ਤਾਈ, ਪੋਤਾ ਕੋਈ ਬਿਠਾਉਂਦਾ ਨਾ।
ਚੰਡੋਲ ਦੇ ਵਾਂਗੂੰ ਝੂਲਾ ਦਾਦੇ ਦਾ, ਅੱਜਕੱਲ੍ਹ ਕੋਈ ਬਨਾਉਂਦਾ ਨਾ॥
ਖੇਡ ਤਮਾਸ਼ਾ ਮਦਾਰੀ ਵਾਲਾ, ਦਾਦਾ ਹੁਣ ਵਿਖਾਉਂਦਾ ਨਾ।
ਪਿੰਡਾਂ ਵਿੱਚ ਮਦਾਰੀ ਅੱਜਕੱਲ੍ਹ, ਖੇਡਾ ਕੋਈ ਵੀ ਪਾਉਂਦਾ ਨਾ॥

ਸਮਝਦੇ ਨਹੀ ਉਹ ਮਾਰਗ ਦਰਸ਼ਕ, ਅੱਜਕੱਲ੍ਹ ਪੋਤੇ ਦਾਦੇ ਨੂੰ।
ਦਾਦਾ ਨਹੀਓ ਸਮਝਦੇ ਬੱਚੇ, ਪਾਵੇ ਲਿਬਾਸ ਜੋ ਸਾਦੇ ਨੂੰ॥
ਪਰਫਿਊਮ ਪਾਊਡਰ ਲਾ ਕੇ ਹੁਣ ਤਾਂ, ਜੈਂਕੀ ਜੋ ਅਖਵਾਵੇ ਨਾ।
ਅਜੋਕੀ ਪੀੜ੍ਹੀ ਕੋਲੋਂ ਉਹ, ਦਾਦਾ ਹੀ ਕਹਿਲਾਵੇ ਨਾ॥

ਓ ਅ ਮੁਹਾਰਨੀ ਪਾਉਣੀ, ਦਾਦੇ ਤੋਂ ਕੋਈ ਸਿੱਖਦਾ ਨਹੀ।
ਕੱਪੜਿਆਂ ਮੂੰਹ ਚੋਂ ਮੁਸ਼ਕ ਜੇ ਆਵੇ, ਬਿਲਕੁਲ ਦਾਦਾ ਦਿਖਦਾ ਨਹੀ॥
ਗਿੱਟ ਮਿੱਟ ਕਰਦੇ ਵਿੱਚ ਅੰਗਰੇਜ਼ੀ, ਪੰਜਾਬੀ ਹੁਣ ਕੋਈ ਲਿਖਦਾ ਨਹੀ।
ਏਸੇ ਕਰਕੇ ਬੁੱਢਿਆ ਨੂੰ ਤਾਂ, ਦਾਦਾ ਕੋਈ ਵੀ ਮਿੱਥਦਾ ਨਹੀ॥

ਸੁੰਨੇ ਘਰ ਦੀ ਰਾਖੀ ਪਰ ਹੁਣ, ਹਿੱਸੇ ਦਾਦੇ ਦੇ ਆਉਂਦੀ ਹੈ।
ਨਵੀਂ ਪੀੜ੍ਹੀ ਦੀ ਮੰਮੀ ਸਭ ਕੁਝ, ਦਾਦੇ ਤੋਂ ਕਰਵਾਉਂਦੀ ਹੈ॥
ਦੁੱਧ ਉਬਾਲ ਕੇ ਠੰਡਾ ਕਰਕੇ, ਵਿੱਚ ਫ਼ਰਿੱਜ ਟਿਕਾਉਂਦਾ ਹੈ।
ਨੌਕਰਾਂ ਵਾਲੇ ਕੰਮ ਸਾਰੇ ਹੀ, ਦਾਦਾ ਖੂਬ ਨਿਭਾਉਂਦਾ ਹੈ॥

ਗੌਰਵਮਈ ਇਹ ਗਿਸ਼ਤਾ ਲੋਕੋ, ਬਿਲਕੁਲ ਇਹਨੂੰ ਗਵਾਓ ਨਾ।
ਦਾਦੇ ਅਤੇ ਪੋਤੇ ਦੇ ਵਿੱਚ ਪਾੜਾ ਬਹੁਤਾ ਵਧਾਓ ਨਾ॥
ਬਜ਼ੁਰਗ ਹੀ ਸਾਡਾ ਹੈ ਸਰਮਾਇਆ, ਮਿੱਟੀ ਵਿੱਚ ਮਿਲਾਓ ਨਾ।
'ਦੱਦਾਹੂਰੀਆ' ਸੇਵਾ ਕਰਨ ਦਾ ਕਦੇ ਵੀ ਫ਼ਰਜ ਭੁਲਾਓ ਨਾ॥
————————

ਵਿਰਸਾ

ਨਵੀਂ ਪੀੜ੍ਹੀ ਵੇਖੂ ਸਭ ਮਿਊਜਮਾਂ ਦੇ ਵਿੱਚ ਇਹੇ
ਹਾਰੇ ਹਾਰੀ ਦੰਦੋਦੜੀ, ਝਲਿਆਣੀ ਨਹੀ ਦੀਂਹਦੀ ਕਿਤੇ,
ਮੂਲ੍ਹੀ ਨਾਲ ਉੱਖਲੀ 'ਚ ਛੋਲੇ ਕੋਈ ਕੁੱਟੇ ਨਾ।
ਬੁਖਾਰੀ ਤੇ ਭੜੋਲੀ ਵੀ ਨੇ ਪਿੰਡਾਂ ਚੋਂ ਅਲੋਪ ਹੋਏ,
ਹਾੜੀ ਸਾਉਣੀ ਆਟਾ ਦਾਣੇ ਉਨ੍ਹਾਂ ਵਿੱਚ ਕੋਈ ਸੁੱਟੇ ਨਾ॥

ਬੀਤੇ ਦਾ ਰਿਵਾਜ ਹੋਇਆ ਮਿੱਟੀ ਵਾਲੇ ਪੀੜ੍ਹਿਆਂ ਦਾ,
ਬੈਠਣ ਲਈ ਕੰਧ ਨਾਲ ਇੱਟਾਂ ਲਾ ਬਨਾਉਂਦੇ ਸੀ।
ਇਸੇ ਉੱਤੇ ਚਿਣ ਤੌੜੇ ਰੱਖਦੇ ਸੀ ਪਾਣੀ ਵਾਲੇ,
ਕਦੇ ਕਦੇ ਰੋਟੀ ਵਾਲੀ ਚੰਗੇਰ ਵੀ ਟਿਕਾਉਂਦੇ ਸੀ॥

ਖੇਸ ਦੋੜੇ ਚੁਤੱਈਆਂ ਹੁਣ ਪਿੰਡੀ ਨਾ ਬਨਾਵੇ ਕੋਈ,
ਕਿਸੇ ਵੇਲੇ ਇਹਨਾਂ ਨੂੰ ਬਨਾਉਣ ਦਾ ਰਿਵਾਜ ਸੀ।
ਗਲੀਚੇ ਅਤੇ ਦਰੀਆਂ ਵੀ ਹੱਥਾਂ ਨਾਲ ਬੁਣਦੇ ਸੀ,
ਖੱਡੀਆਂ ਸੀ ਪੁੱਟ ਲੈਂਦੇ ਘਰੇ ਜੋ ਸਵਾਤ ਸੀ॥

ਦੋੜੇ ਵਾਲੇ ਸੂਤ ਉੱਤੇ ਕੂਚਾ ਉਦੋਂ ਫੇਰਦੇ ਸੀ,
ਲੰਮੀ ਤਾਣੀ ਖੁੱਲ੍ਹੇ ਡੁੱਲ੍ਹੇ ਥਾਂ ਉੱਤੇ ਉਣਦੇ ਸੀ।
ਹੱਥੀਂ ਗੰਢ ਦੇ ਕੇ ਸੀ ਗੰਢ ਲੈਂਦੇ ਸੂਤ ਤਾਂਈ,
ਹੱਥਾਂ ਨਾਲ ਓਸ ਸਮੇਂ ਖੇਸ ਘਰੇ ਬੁਣਦੇ ਸੀ॥

ਰੱਥ ਗੱਡੇ ਠੋਕਰਾਂ ਵੀ ਸ਼ਾਨ ਸਨ ਪਿੰਡਾਂ ਦੀ,
ਸੀ ਹਲਟ ਉੱਤੇ ਪਾਣੀ ਦੀਆਂ ਟਿੰਡਾਂ ਭਰ ਆਉਂਦੀਆਂ।
ਸਾਵੇ ਨਾਰੇ ਬਲਦਾਂ ਦੀਆਂ ਜੋੜੀਆਂ ਸੀ ਪਿੰਡਾਂ ਵਿੱਚ,
ਜਿਹੜੀਆਂ ਸੀ ਵਾਰੋ-ਵਾਰੀ ਜੋਤਾ ਖੂਹ ਤੇ ਲਾਉਂਦੀਆਂ॥

ਉਪਰੋਕਤ ਨਾ ਦਿਸਦਾ ਹੈ ਪਿੰਡਾਂ ਵਿੱਚ ਕੁਝ ਹੁਣ,
ਬੀਤ ਗਿਆ ਸਭ ਪੱਲੇ ਸੁਪਨਾ ਹੀ ਰਹਿ ਗਿਆ।
ਨਵੀਂ ਪੀੜ੍ਹੀ ਵੇਖੂ ਸਭ ਮਿਊਜਮਾਂ ਦੇ ਵਿੱਚ ਜਾ ਕੇ,
ਸ਼ਰਮਾ ਜੋ 'ਦੱਦਾਹੂਰ' ਵਾਲਾ ਸੱਚ ਕਹਿ ਗਿਆ॥
————————

ਔਖਾ ਬਹੁਤ ਹੈ ਕਰਜਾ ਸਿਰ ਤੋਂ ਲਹਿਣਾ ਉਨ੍ਹਾਂ ਦਾ

ਬਜੁਰਗ ਪੁਰਾਣੇ ਹਰ ਵੇਲੇ ਸਾਨੂੰ ਸਮਝਾਉਂਦੇ ਸੀ।
ਉਮਰ ਤਜਰਬੇ ਨਾਲ ਉਹ ਸਾਨੂੰ ਰਾਹੇ ਪਾਉਂਦੇ ਸੀ॥
ਸੀ ਸਾਦਾ ਖਾਣ ਪੀਣ ਤੇ ਸਾਦਾ ਰਹਿਣਾ ਉਨ੍ਹਾਂ ਦਾ।
ਵਿਰਸੇ ਨਾਲ ਹੀ ਜੁੜ ਕੇ ਰਹੋ, ਸੀ ਕਹਿਣਾ ਉਨ੍ਹਾਂ ਦਾ॥

ਸੀ ਸਦੀਵੀਂ ਪਿਆਰ ਤੇ ਲੜਨਾ ਆਉਂਦਾ ਹੀ ਨਹੀਓ ਸੀ।
ਕੋਈ ਗੁੱਸੇ ਗਿਲੇ ਹੋ ਕੇ, ਮੱਥੇ ਵੱਟ ਪਾਉਂਦਾ ਹੀ ਨਹੀਓ ਸੀ॥
ਔਖਾ ਬਹੁਤ ਹੈ ਕਰਜਾ ਸਿਰ ਤੋਂ ਲਹਿਣਾ ਉਨ੍ਹਾਂ ਦਾ ..ਵਿਰਸੇ

ਜੇ ਰਹੀਏ ਉਹਦੀ ਰਜ਼ਾ 'ਚ, ਕੁਦਰਤ ਹੁੰਦੀ ਕਰੋਪ ਨਹੀ।
ਦੁਨੀਆਂ ਦਾਰੀ ਦਾ ਵੀ ਲੱਗੇ ਕਦੇ ਅਰੋਪ ਨਹੀ॥
ਜੇ ਸੁਪਨੇ ਹੋਣ ਹਕੀਕਤ ਬਣੀਏ ਗਹਿਣਾ ਉਨ੍ਹਾਂ ਦਾ .. ਵਿਰਸੇ

ਕਰੋ ਤਰੱਕੀ ਵਿਰਸੇ ਨੂੰ ਤੁਸੀ ਰੱਖੋ ਯਾਦ ਸਦਾ।
ਕਰਦੇ ਰਹੋ ਪਰ ਡਾਢੇ ਨੂੰ ਇਹੋ ਫਰਿਆਦ ਸਦਾ॥
ਖ਼ਬਰਦਾਰ ਉਹ ਕਰਦੇ ਨਾ ਲੈਣਾ ਦੇਣਾ ਉਹਨਾਂ ਦਾ .. ਵਿਰਸੇ

ਰੱਖਦੇ ਨੇ ਭਰਪੂਰ ਖਜਾਨਾ ਗੁਣਾ ਦਾ ਕੋਲ ਸਦਾ।
ਆਉਣ ਵਾਲੇ ਉਹ ਸਮੇਂ ਦਾ ਦੇਣ ਹਵਾਲਾ ਖੋਲ੍ਹ ਸਦਾ॥
ਸੱਚਾ ਬੋਲ ਤਾਂ ਸਦਾ ਹੀ ਪਊਗਾ ਸਹਿਣਾ ਉਹਨਾਂ ਦਾ .. ਵਿਰਸੇ

ਨਹੀ ਮੰਨਦੇ ਗੱਲ ਸਿਆਣੀ ਆਨਾ-ਕਾਨੀ ਕਰਦੇ ਹਾਂ।
ਆਪਣੀ ਰੱਖਦੇ ਮੁੱਖ ਸਦਾ ਮਨਮਾਨੀ ਕਰਦੇ ਹਾਂ॥
ਰਾਹੋਂ ਕੁਰਾਹੇ ਜੇ ਪੈ ਗੇ ਨਹੀ ਕੁਝ ਢਹਿਣਾ ਉਹਨਾਂ ਦਾ .. ਵਿਰਸੇ

'ਸ਼ਰਮਾ ਦੱਦਾਹੂਰੀਆ' ਤਾਂ ਪਰਣਾਇਆ ਵਿਰਸੇ ਨੂੰ।
ਰਗ-ਰਗ ਦੇ ਵਿੱਚ ਉਸਨੇ ਹੈ ਵਿਸਾਇਆ ਵਿਰਸੇ ਨੂੰ॥
ਸਿਰ ਤੇ ਹੱਥ ਰਖਾ ਕਿ ਪਿਆਰ ਮੈਂ ਲੈਣਾ ਉਹਨਾਂ ਦਾ .. ਵਿਰਸੇ
————————

ਵਿਰਸਾ

ਕੋਰ (ਲਾਲ ਮਿੱਟੀ) ਕਹਿੰਦੇ ਖੇਤ ਵਾਲੀ ਮਿੱਟੀ ਭਾਈ,
ਛੱਤ ਉੱਤੇ ਫਰਸ਼ ਦੇ ਹੇਠਾਂ ਜਾਂਦੀ ਪਾਈ ਜੀ।
ਟਿੱਬੇ ਵਾਲਾ ਰੇਤਾ ਪਾਉਂਦੇ ਭਰਤ ਲਈ ਘਰੀਂ ਸਾਰੇ,
ਮਰਜ਼ੀ ਨਾ ਵਿਹੜੇ ਦੀ ਉਹ ਕਰਦੇ ਉਚਾਈ ਜੀ॥

ਚਿੱਟਾ ਪੋਚਾ ਚੁੱਲਿਆਂ ਨੂੰ ਲਾਉਣ ਲਈ ਕੰਮ ਆਵੇ,
ਚਿੱਟਾ ਚੁੱਲਾ ਘਰ ਵਿੱਚ ਸੋਹਣਾ ਬੜਾ ਲੱਗਦਾ।
ਪਾਂਡੂ ਵਾਲੀ ਮਿੱਟੀ ਵੀ ਬੋਰ ਵੇਲੇ ਨਿਕਲੇ ਜੀ,
ਮੋਘੇ ਵਿੱਚੋਂ ਪੋਣ ਮਿੱਟੀ ਦਾ ਹੈ ਢੇਰ ਲੱਗਦਾ॥

ਕਾਲੀ ਮਿੱਟੀ ਛੱਪੜਾਂ ਦੀ ਕਹਿੰਦੇ ਬਹੁਤ ਚੰਗੀ,
ਕੋਠਿਆਂ ਤੇ ਚਿਲ ਲਈ ਵਰਤੀ ਇਹ ਜਾਂਦੀ ਸੀ।
ਗੁੰਮੇ ਸੁੱਕੇ ਛੱਪੜ 'ਚੋਂ ਪੱਟ ਸੀ ਲਿਆਉਂਦੇ ਘਰੀਂ,
ਕੰਧਾਂ ਉੱਤੇ ਇਸੇ ਨਾ ਲਿਪਾਈ ਕੀਤੀ ਜਾਂਦੀ ਸੀ॥

ਹੋਰ ਹੀ ਗੁੱਡੀਆਂ ਤੇ ਨਵੇਂ ਹੀ ਪਟੋਲੇ ਹੋਗੇ,
ਮਿੱਟੀਆਂ ਨੂੰ ਅੱਜਕੱਲ੍ਹ ਕੋਈ ਵੀ ਨਾ ਜਾਣਦਾ।
'ਦੱਦਾਹੂਰ' ਵਾਲਾ ਐਂਵੇਂ ਕਾਗਜ਼ਾਂ ਨੂੰ ਕਾਲੇ ਕਰੇ,
ਨਵੀਂ ਪੀੜ੍ਹੀ ਵਿੱਚੋਂ ਇਹਨੂੰ ਕੋਈ ਨਾ ਪਛਾਣਦਾ॥
————————

(ਵਿਰਸਾ)

ਕਿਧਰੇ ਬਣ ਜਾਈਏ ਨਾ ਪ੍ਰਦੇਸੀ

ਕੈਂਠਾ ਤੇ ਤਵੀਤੜੀ ਅੱਜਕੱਲ੍ਹ, ਕੋਈ ਵੀ ਗੱਭਰੂ ਪਾਉਂਦਾ ਨਾ।
ਹੱਥ ਕੰਨਾਂ ਤੇ ਰੱਖ ਕੇ ਖੇਤੀਂ, ਹੀਰ ਕੋਈ ਵੀ ਗਾਉਂਦਾ ਨਾ॥

ਸੰਮਾਂ ਵਾਲੀ ਡਾਂਗ ਦਾ ਰਿਹਾ, ਹੁਣ ਤਾਂ ਕੋਈ ਸ਼ਕੀਨ ਨਹੀ।
ਧੂਵਾਂ ਚਾਦਰਾ ਬੰਨਣਾਂ ਭੁੱਲ ਗਏ, ਲਾਹੁੰਦੇ ਤੇੜੋਂ ਜੀਨ ਨਹੀ॥

ਟੌਰ੍ਹੇ ਵਾਲੀ ਪੱਗ ਨਹੀ ਬੰਨ੍ਹਦੇ, ਪੰਜਾਬੀਆਂ ਦੀ ਜੋ ਸ਼ਾਨ ਸੀ।
ਜੁੱਸੇ ਵੇਖ ਪੰਜਾਬੀਆਂ ਦੇ, ਦੂਰੋਂ ਆਉਂਦੀ ਪਹਿਚਾਣ ਸੀ॥

ਨੌਕਾਂ ਵਾਲੀ ਕੱਢਵੀਂ ਜੁੱਤੀ, ਸੁਪਨਿਆਂ ਵਿੱਚੋਂ ਅਲੋਪ ਹੋਈ।
ਨਸ਼ਿਆਂ ਨੇ ਹੈ ਪਾਇਆ ਕਲਾਵਾਂ, ਕੁਦਰਤ ਲੱਗੇ ਕਰੋਪ ਹੋਈ॥

ਸੱਗੀ ਫੁੱਲ ਪਰਾਂਦੇ ਹੁਣ, ਮੁਟਿਆਰ ਨਾ ਕੋਈ ਪਾਉਂਦੀ ਜੀ।
ਪਹਿਰਾਵਾ ਪੱਛਮੀ ਹੈ ਅਪਣਾਇਆ, ਸਿਰ ਤੋਂ ਵਾਲ ਕਟਾਉਂਦੀ ਜੀ॥

ਝਾਂਜਰਾਂ ਪਾ ਕੇ ਤੋਰ ਪੰਜਾਬੀ, ਕਿੱਧਰੇ ਕੋਈ ਵੀ ਤੁਰਦੀ ਨਾ।
ਭੱਤਾ ਦੇ, ਪੰਡ ਚਰ੍ਹੀ ਦੀ ਲੈਕੇ, ਕੋਈ ਵੀ ਖੇਤੋਂ ਮੁੜਦੀ ਨਾ॥

ਖੂਹ ਅਲੋਪ ਹੋ ਗਏ ਤੇ ਮੁਕ ਗਿਆ, ਕੰਮ ਵੀ ਪਾਣੀ ਢੋਵਣ ਦਾ।
ਮਸ਼ੀਨੀ ਯੁਗ ਆ ਗਿਆ ਫਿਕਰ, ਰਿਹਾ ਨਾ ਕੱਪੜੇ ਧੋਵਣ ਦਾ॥

ਰੈਡੀਮੇਡ ਸੱਭ ਮਿਲੇ ਬਜਾਰੀਂ, ਕੱਢਣਾ ਕੱਤਣਾ ਭੁੱਲ ਗਿਆ।
ਇਸੇ ਕਰਕੇ ਵੀਰ ਮੇਰਿਓ, 'ਵਿਰਸਾ' ਪੈਰੀ ਰੁੱਲ ਗਿਆ॥

ਕੀ ਬਣੂੰ ਪੰਜਾਬ ਦਾ ਦੋਸਤੋ, ਜਰਾ ਸੋਚੋ ਦੂਰ ਅੰਦੇਸ਼ੀ ਨਾ।
'ਦੱਦਾਹੂਰੀਆ' ਪੰਜਾਬੀ ਵਿਰਸਾ ਭੁੱਲਕੇ, ਕਿਤੇ ਬਣ ਜਾਈਏ ਪ੍ਰਦੇਸੀ ਨਾ॥
——————————

ਵਿਰਸਾ

ਕੱਚੇ ਘਰ ਸੀ ਪਿੰਡਾਂ ਦੀ ਸ਼ਾਨ ਹੁੰਦੇ

ਕੱਚੀਆਂ ਛੱਤਾਂ ਤੇ ਜਦੋਂਸੀ ਚਿੱਲ ਦਿੰਦੇ,
ਚੀਕਣੀ ਮਿੱਟੀ ਛੱਪੜੋਂ ਲਿਆਂਵਦੇ ਸਾਂ।
ਲੋੜ ਮੁਤਾਬਕ ਸੀ ਛੱਪੜੋਂ ਕੱਢ ਲੈਂਦੇ,
ਪਲੋਂ ਮਿਟੀ ਦੇ ਵਿੱਚ ਮਿਲਾਂਵਦੇ ਸਾਂ॥

ਕਈ ਵਾਰੀ ਸੀ ਕਹੀ ਨਾਲ ਵਾਢ ਦਿੰਦੇ,
ਪੂਰੀ ਲੇਸਦਾਰ ਘਾਣੀ ਬਣਾਂਵਦੇ ਸਾਂ।
ਪੰਜ ਸੱਤ ਵਾਰੀ ਕਹੀ ਨਾਲ ਫਰੋਲਕੇ ਤੇ,
ਕਾਲਾ ਤੇਲ ਵੀ ਵਿੱਚ ਰਲਾਂਵਦੇ ਸਾਂ॥

ਬਾਂਸ ਦੀ ਪੌੜੀ ਸੀ ਹਰ ਘਰ ਵਿੱਚ ਹੁੰਦੀ,
ਉਹਦੇ ਰਾਹੀਂ ਫਿਰ ਛੱਤੀ ਚੜ੍ਹਾਂਵਦੇ ਸਾਂ।
ਬੱਠਲਾਂ ਵਿੱਚ ਫਿਰ ਮਿਟੀ ਨੂੰ ਪਾਣ ਵੇਲੇ,
ਥੋੜ੍ਹਾ ਪਾਣੀ ਦਾ ਛਿੱਟਾ ਵੀ ਲਾਂਵਦੇ ਸਾਂ॥

ਦਿੱਕਤ ਲਿੱਪਣ ਵੇਲੇ ਕੋਈ ਨਾ ਆਵੇ,
ਥੋੜੀ ਦੂਰੀ ਤੇ ਢੇਰੀਆਂ ਟਿਕਾਂਵਦੇ ਸਾਂ।
ਤਜਰਬੇਕਾਰ ਸਵਾਣੀ ਸੀ ਜੋ ਹੁੰਦੀ,
ਛੱਤ ਉਸੇ ਦੇ ਕੋਲੋਂ ਲਿਪਾਂਵਦੇ ਸਾਂ॥

ਪਾਣੀ ਛੱਤ ਦੇ ਉਤੇ ਨਾ ਆਵੇ,
ਢਾਲ ਵੱਲ ਪਰਨਾਲੇ ਲਿਆਂਵਦੇ ਸਾਂ।
ਕਰਦੇ ਨਹੀਂ ਸੀ ਪਰਨਾਲੇ ਲਈ ਮਿਹਨਤ ਬਹੁਤੀ,
ਪੀਪਾ ਮਰੋੜ ਕੇ ਝੱਟ ਬਣਾਵਦੇਂ ਸਾਂ॥

ਕਿਸੇ ਸਮੇਂ ਕੱਚੇ ਘਰ ਸੀ ਪਿੰਡਾਂ ਦੀ ਸ਼ਾਨ ਹੁੰਦੇ,
ਨਾ ਹੀ ਠੰਡੇ ਤੇ ਨਾ ਹੀ ਗਰਮ ਸੀ ਉਹ।
‘ਦੱਦਾਹੂਰੀਆ ਜੋ ਲੋਕ ਸੀ ਵਿਚ ਰਹਿੰਦੇ,
ਸੁਭਾਅ ਤਲਖ ਨਾ ਬਹੁਤਾ ਹੀ ਨਰਮ ਸੀ ਉਹ॥

————————

ਵਿਰਸਾ

ਚੌਂਕੇ ਚੁੱਲੇ ਰਹੇ ਨਾ ਪਿੰਡਾਂ ‘ਚ, ਕੰਧੋਲੀਆਂ ਕਿਧਰੇ ਦੀਂਹਦੀਆਂ ਨਾ।
ਤੜਕੇ ਉਠ ਸਵਾਣੀਆਂ ਅੱਜਕੱਲ੍ਹ ਆਟਾ ਕਿਤੇ ਵੀ ਪੀਂਹਦੀਆਂ ਨਾ॥
ਨਾਮੋ ਨਿਸ਼ਾਨ ਸੁਚਮ ਦਾ ਮਿਟਿਆ, ਗੋਹੇ ਮਿੱਟੀ ਨਾਲ ਜੋ ਰੱਖਦੀਆਂ ਸੀ।
ਬਾਕੀ ਬਚਦਾ ਗੋਹਾ ਬੀਬੀਆਂ ਪਖਤਣ ਦੇ ਵਿੱਚ ਪੱਥਦੀਆਂ ਸੀ॥
ਘੜੇ ਪਾਣੀ ਦੇ ਕਤਾਰਾਂ ਦੇ ਵਿੱਚ, ਚੌਂਕੇ ਵਿਚ ਹੀ ਰੱਖਦੇ ਸੀ।
ਦੁਧ ਰਿੜਕਣ ਵਾਲੀ ਚਾਟੀ ਮਧਾਣੀ ਚੌਂਕੇ ਵਿਚ ਹੀ ਫੱਬਦੇ ਸੀ॥
ਹਾਰਾ ਹਾਗੀ ਬਣਾ ਕੇ ਕੰਧ ਵਿੱਚ ਪੜਛੱਤਾ ਉਤੇ ਬਣਾਉਂਦੇ ਸੀ।
ਪਾਥੀਆਂ ਅਤੇ ਬਾਲਣ ਸਾਰਾ, ਪੜਛੱਤੇ ਵਿਚ ਟਿਕਾਉਂਦੇ ਸੀ॥
ਭਾਂਡੇ ਮਾਜਣ ਵਾਲਾ ਪਾਸਾ ਰਾਖਵਾਂ ਰੱਖਿਆ ਹੁੰਦਾ ਸੀ।
ਗੰਦੇ ਪਾਣੀ ਦੀ ਨਿਕਾਸੀ ਵਾਲਾ ਥਾਂ, ਸਦਾ ਹੀ ਢਕਿਆ ਹੁੰਦਾ ਸੀ॥
ਪੜਛੱਤਾਂ ਬਾਲਣ ਵਾਲਾ ਸਦਾ ਹੀ, ਭਰਿਆ ਭਰਿਆ ਰਹਿੰਦਾ ਸੀ।
ਪਕਵਾਨ ਦੇ ਵੇਲੇ ਬਾਲਣ ਨਹੀਓਂ ਦੂਰੋ ਲਿਆਉਣਾ ਪੈਂਦਾ ਸੀ॥
ਸੁਚਮ ਪੂਰੀ ਸਭ ਸਵਾਣੀਆਂ ਵਿੱਚ ਚੌਂਕੇ ਦੇ ਰੱਖਦੀਆਂ ਸਨ।
ਸਬਜ਼ੀ ਦਾਲਾਂ ਰੋਟੀ ਛਾਬਾ ਪੋਣੇ ਦੇ ਨਾਲ ਢੱਕਦੀਆਂ ਸਨ॥
ਦਾਲਾਂ ਚੁਗਣਾ, ਸਾਗ ਚੀਰਨਾ, ਵਿੱਚ ਚੌਂਕੇ ਕਰਦੀਆਂ ਸਨ।
ਕੜ੍ਹਨਾ ਦੁੱਧ ਵੀ ਉਨ੍ਹਾਂ ਸਮਿਆਂ ਵਿੱਚ, ਵਿੱਚ ਹਾਰੇ ਦੇ ਧਰਦੀਆਂ ਸਨ॥
ਦੁੱਧ ਰਿੜਕ ਤੇ ਮੱਖਣ ਕੱਢਕੇ, ਗਾੜੀ ਲੱਸੀ ਬਣਾਉਂਦੀਆਂ ਸੀ।
ਸਭ ਤਿਆਰੀ ਕਰਕੇ ਟੱਬਰ ਨੂੰ, ਰੋਟੀ ਮੱਖਣ ਨਾਲ ਖਵਾਉਂਦੀਆਂ ਸੀ॥
ਚੌਂਕੇ ਜੁੱਤੀ ਨਹੀਂ ਸੀ ਚੜਦੀ, ਆਪ ਵੀ ਨੰਗੇ ਪੈਰੀ ਰਹਿੰਦੀਆਂ ਸਨ।
ਮਰਿਯਾਦਾ ‘ਚ ਰਹੋ ਤੇ ਸੁਚਮ ਰੱਖੋ, ਸਾਰੇ ਟੱਬਰ ਨੂੰ ਕਹਿੰਦੀਆਂ ਸਨ॥
ਸਵਾਹ ਨਾਲ ਸੀ ਭਾਂਡੇ ਮਾਂਜ ਕੇ, ਟੋਕਰੇ ਦੇ ਵਿੱਚ ਪਾਉਂਦੀਆਂ ਸੀ।
ਦੇਸੀ ਟਾਣਾ ਉਪਰ ਉਹ ਫਿਰ, ਚਿਣਤੀ ਲਾ ਟਿਕਾਉਂਦੀਆਂ ਸੀ॥
ਪੋਚਾ ਦੇ ਕੇ ਚੌਂਕੇ ਚੁੱਲ੍ਹੇ ਨੂੰ ਰਾਤੀ ਕੰਮ ਨਿਪਟਾਉਂਦੀਆਂ ਸੀ।
ਉਠ ਤੜਕੇ 4 ਵਜੇ ਫ਼ਿਰ, ਇਹੀ ਡਿਊਟੀ ਨਿਭਾਉਂਦੀਆਂ ਸਨ॥
ਉਪਰੋਕਤ ਸਭ ਕੁਝ ਸੁਪਨਾ ਹੋ ਗਿਆ, ਨਜ਼ਰੀ ਕਿਧਰੇ ਪੈਂਦਾ ਨਹੀਂ।
‘ਸ਼ਗਮੇ ਦੱਦਾਹੂਰੀਏ’ ਵੇਖਿਆ ਅੱਖੀਂ, ਕਦੇ ਵੀ ਐਵੇਂ ਕਹਿੰਦਾ ਨਹੀਂ॥
————————

ਵਿਰਸਾ

ਉਦੋਂ ਚੌੜੀਆਂ ਸੀ ਗਜ ਗਜ ਛਾਤੀਆਂ

ਵਿਰਸੇ ਨੂੰ ਭੁੱਲਕੇ ਪੰਜਾਬੀਓ, ਐਵੇਂ ਫੁਕਰਪੁਣੇ ਦੇ ਉਤੇ ਡੁੱਲ ਗਏ।
ਦੁੱਧ ਮੱਖਣ ਮਲਾਈ ਖਾਣੇ ਛੱਡਤੇ, ਕਾਹਤੋਂ ਨਸ਼ਿਆਂ ਦੇ ਵਿੱਚ ਤੁਸੀ ਰੁਲ ਗਏ॥

ਉਦੋਂ ਚੌੜੀਆਂ ਸੀ ਗਜ ਗਜ ਛਾਤੀਆਂ, ਜਦੋਂ ਬੂਰੀਆਂ ਮੱਝਾਂ ਨੂੰ ਸੀ ਚੁੰਘਦੇ।
ਵੈਰੀ ਭੱਜੇ ਨੂੰ ਨਾ ਜਾਣ ਕਦੇ ਦਿੰਦੇ ਸੀ, ਠਿੱਬੀ ਮਾਰਕੇ ਸੀ ਮਿੰਟਾਂ 'ਚ ਫੁੰਡਦੇ॥
ਹੁਣ ਚਿੱਟੇ ਨੇ ਕਲਾਵਾ ਐਸਾ ਮਾਰਿਆ, ਸਾਰੇ ਸੁਪਨੇ ਹੀ ਹਵਾ ਵਿੱਚ ਘੁਲ ਗਏ,
ਵਿਰਸੇ ...

ਹੱਥੀਂ ਵਣਜ ਸੁਨੇਹੀ ਖੇਤੀ ਹੋਵੇ ਨਾ, ਸਾਡੇ ਵੱਡੇ ਤੇ ਵਡੇਰੇ ਸਾਨੂੰ ਕਹਿ ਗਏ।
ਖਰੇ ਉਤਰੇ ਨਾ ਉਨਾ ਦਿਆਂ ਬੋਲਾਂ ਤੇ, ਤਾਹੀਂ ਰਹਿੰਦੇ-2 ਪਿੱਛੇ ਅਸੀ ਰਹਿ ਗਏ॥
ਹੱਥੀਂ ਕੰਮ ਕੀਤੇ ਬਿਨਾ ਸਿਹਤ ਬਣੇ ਨਾ, ਇਸ ਗੱਲ ਨੂੰ ਦਿਲਾਂ ਵਿੱਚੋਂ ਭੁੱਲ ਗਏ,
ਵਿਰਸੇ ...

ਸ਼ੇਖ ਚਿੱਲੀਆਂ ਦੇ ਵਾਗੂੰ ਮਾਰੋਂ ਬੜ੍ਹਕਾਂ, ਤੁਹਾਡੇ ਹੱਥ ਪੱਲੇ ਕੁਝ ਵੀ ਨਹੀਂ ਰਹਿ ਗਿਆ।
ਕੜਕਦੇ ਹੱਡ ਡੌਰੂ ਵਾਂਗਰਾਂ, ਗੁਰਦਾਸ ਮਾਨ ਸੱਚੋ ਸੱਚ ਕਹਿ ਗਿਆ॥
ਭਰ ਭਰਕੇ ਲਗਾਓਂ ਟੀਕੇ ਨਾੜਾਂ 'ਚ ਸਾਰੇ ਨਸ਼ਿਆਂ ਦੀ ਤੱਕੜੀ ਤੇ ਤੁਲ ਗਏ,
ਵਿਰਸੇ ...

ਬਜ਼ੁਰਗਾਂ ਦਾ ਵਿਰਸਾ ਤਿਆਗ ਕੇ, ਆਪਾਂ ਪੱਛਮੀ ਹੀ ਸਭ ਅਪਣਾ ਲਿਆ।
ਜੀਅ ਕਰੇ ਨਾ ਪੰਜਾਬ ਵਿੱਚ ਰਹਿਣ ਨੂੰ, ਪਿਆਰ ਬਾਹਰਲਿਆਂ ਦੇਸ਼ਾਂ ਨਾ ਵਧਾਇਆ॥
ਮਾਂ ਬੋਲੀ ਨੂੰ ਭੁਲਾ ਦਿੱਤਾ ਦਿਲਾਂ ਚੋਂ, ਬੋਲੀ ਬਾਹਰਲੀ ਉਤੇ ਹੈ ਵਿਕ ਮੁੱਲ ਗਏ,
ਵਿਰਸੇ ...

ਧੀਆਂ ਭੈਣਾਂ ਦੀਆਂ ਇਜ਼ਤਾਂ ਬਚਾਉਂਦੇ ਸੀ, ਅੱਜ ਆਪ ਤੇ ਬੱਦਲ ਮੰਡਰਾਉਂਦੇ ਨੇ।
ਮਾਰੋ ਅਕਲਾਂ ਨੂੰ ਹੱਥ ਮੇਰੇ ਸਾਥੀਓ, ਐਸੇ ਦਿਨ ਕਦ ਆਖਿਰ ਨੂੰ ਔਂਦੇ ਨੇ ?
ਜਰ ਜੋਰੂ ਤੇ ਜਮੀਨ ਨੂੰ ਬਚਾਉਣ ਲਈ, ਖਾਨੇ ਅਕਲ ਦੇ ਵਾਲੇ ਹੁਣ ਖੁੱਲ ਗਏ,
ਵਿਰਸੇ ...

'ਦੱਦਾਹੂਰ ਵਾਲੇ ਸ਼ਰਮੇ ਨੇ ਲਿਖਿਆ, ਸੋਚ ਸਮਝ ਤੇ ਸੱਭ ਹੀ ਵਿਚਾਰ ਕੇ।
ਪ੍ਰਤੱਖ ਨੂੰ ਨਹੀਂ ਲੋੜ ਪ੍ਰਮਾਣ ਦੀ ਕਰੋ ਫੈਂਸਲਾ ਇਹ ਗੱਲਾਂ ਨੂੰ ਨਿਹਾਰ ਕੇ॥
ਸੁਬਾਹ ਭੁਲਕੇ ਜੋ ਸ਼ਾਮੀ ਘਰੇ ਔਂਦੇ ਨੇ, ਕਦੇ ਆਖੀਏ ਨਾ ਉਹੋ ਘਰ ਭੁਲ ਗਏ,
ਵਿਰਸੇ ...
————————————

(ਵਿਰਸਾ)

ਬੀਤੇ ਦੀਆਂ ਬਾਤਾਂ ਤੇ ਇੱਕ ਪੰਛੀਝਾਤ

ਖੀਸੇ ਵਿੱਚ ਗੋਲੀਆਂ ਪਾ ਖੜਕਾਉਂਦੇ ਹੁੰਦੇ ਸੀ,
ਗੋਲੀਆਂ ਖੇਡਦੇ ਲੋਈਆਂ ਖੇਸ ਗਵਾਉਂਦੇ ਹੁੰਦੇ ਸੀ।
ਅੱਧੀ ਅੱਧੀ ਰਾਤ ਤੱਕ ਕੁੜੀਆਂ ਮੁੰਡੇ ਖੇਡਦੇ ਸੀ,
ਧੜਮੱਚੜ ਪੂਰਾ ਰਲਮਿਲ ਅਸੀਂ ਮਚਾਉਂਦੇ ਹੁੰਦੇ ਸੀ।
ਫੱਟੀਆਂ ਉੱਤੇ ਗਾਚੀ ਲਾ ਕੇ ਪੋਚਿਆ ਕਰਦੇ ਸਾਂ,
ਧੁੱਪ ਦੇ ਵਿੱਚ ਘੁੰਮਾ ਕੇ ਉਹਨੂੰ ਸੁਕਾਉਂਦੇ ਹੁੰਦੇ ਸੀ।
ਦਰੀ ਦੇ ਝੋਲੇ ਹੁੰਦੇ ਸੀ ਕਿਤਾਬਾ ਪਾਉਣ ਲਈ,
ਪੜ੍ਹਕੇ ਵਾਪਸੀ ਚਰ੍ਹੀ ਦੀ ਪੰਡ ਲਿਆਉਂਦੇ ਹੁੰਦੇ ਸੀ।
ਘੁਲਾੜ੍ਹੀ ਉਤੇ ਜਾਅ ਤੱਤਾ ਤੱਤਾ ਗੁੜ ਸੀ ਖਾਈਦਾ,
ਵਾਪਸੀ ਵੇਲੇ ਗੰਨੇ ਘਰੀ ਲਿਆਉਂਦੇ ਹੁੰਦੇ ਸੀ।
ਨਹੀਂ ਸੀ ਬਜੁਰਗਾਂ ਦੀ ਗੱਲ ਦਾ ਕਦੇ ਬੁਰਾ ਮਨਾਈਦਾ,
ਮਹੀਆਂ ਪਿਆਉਂਦੇ ਟੋਭਿਆ ਦੇ ਵਿੱਚ ਨਹਾਂਉਂਦੇ ਹੁੰਦੇ ਸੀ।
ਮਖਾਨੇ ਖਿਲਾਂ ਸਕੂਲਾਂ ਦੇ ਵਿੱਚ ਜਾ ਕੇ ਖਾਂਦੇ ਸਾਂ,
ਕੈਂਚੀ ਸਾਈਕਲ ਸਿਖਣ ਲਈ ਚਲਾਉਂਦੇ ਹੁੰਦੇ ਸੀ।
ਕਦੇ ਕਦੇ ਸੀ ਰੇਡੀਓ ਉੱਤੇ ਖਬਰਾਂ ਸੁਣੀਦੀਆਂ,
ਸੈਲ ਡਾਉਨ ਹੋਣ ਤੇ ਧੁੱਪੇ ਸੁਕਣੇ ਪਾਉਂਦੇ ਹੁੰਦੇ ਸੀ।
ਐਂਟੀਨਾ ਘੁੰਮਾ ਕੇ ਸੀ ਲਹੌਰ ਦੀ ਰੇਂਜ ਫੜਾ ਲੈਣੀ,
ਟੀ.ਵੀ, ਵੀ.ਸੀ.ਆਰ ਕਿਰਾਏ ਉੱਤੇ ਲਿਆਉਂਦੇ ਹੁੰਦੇ ਸੀ।
ਰਾਹ ਵਿੱਚ ਪਏ ਸ਼ਰਾਬੀ ਵੀ ਸੀ ਆਮ ਹੀ ਵੇਖੀਦੇ,
ਬਾਪੂ ਹੋਰੀਂ ਚੁੱਕ ਕੇ ਘਰੇ ਪਚਾਉਂਦੇ ਹੁੰਦੇ ਸੀ।
ਨੱਕ ਬੰਦ ਕਰਕੇ ਖਾਲ ਦੇ ਵਿੱਚ ਸੀ ਛਾਲਾਂ ਲਾਈਦੀਆਂ,
ਬਰਸੀਮ ਨੂੰ ਤੋੜ ਕੇ ਪੀਪਣੀਆਂ ਅਸੀਂ ਵਜਾਉਂਦੇ ਹੁੰਦੇ ਸੀ।
ਸੰਤਰੇ ਵਾਲੀਆਂ ਗੋਲੀਆਂ ਲੈ ਕੇ ਜੇਬ੍ਹ 'ਚ ਪਾ ਲੈਂਦੇ,
ਅਮਰੂਦ ਗਵਾਂਢ ਵਿੱਚੋ ਤੋੜ ਲਿਆਉਂਦੇ ਹੁੰਦੇ ਸੀ।
ਅੱਗੇ ਬਹਾਕੇ ਬਾਪੂ ਸਾਈਕਲ ਉੱਤੇ ਝੂਟੇ ਦੇ ਦਿੰਦਾ,
ਮੀਂਹ ਪੈਂਦੇ ਵਿੱਚ ਭੱਜ ਭੱਜ ਕੇ ਨਹਾਉਂਦੇ ਹੁੰਦੇ ਸੀ।
ਮੋਮ ਜਾਮੇ ਦੇ ਪਤੰਗ ਬਣਾ ਨਾਲ ਰੱਸੀ ਬੰਨ੍ਹ ਕੇ ਤੇ,
ਵਿੱਚ ਹਵਾ ਦੇ ਉਨਾਂ ਨੂੰ ਉਡਾਉਦੇ ਹੁੰਦੇ ਸੀ।
ਛੋਟੇ ਹੁੰਦਿਆਂ ਚਿਬੜ੍ਹ ਜਾ ਕੇ ਖੇਤੋ ਲੈ ਆਉਣੇ,
ਸਿਆਣਿਆਂ ਨੂੰ ਤਾਂ ਸਦਾ ਹੀ ਸੀਸ ਨਿਵਾਉਦੇ ਹੁੰਦੇ ਸੀ।

ਰਿਵਾਜ ਸੀ ਵਿਆਹਾਂ ਦੇ ਵਿੱਚ ਮੰਜੇ ਕੱਠੇ ਕਰਨੇ ਦਾ,
ਬੋਹੜਾਂ ਥੱਲੇ ਗਵੰਤਰੀ ਅਖਾੜੇ ਲਾਉਂਦੇ ਹੁੰਦੇ ਸੀ।
ਦੋ ਮੰਜਿਆਂ ਨੂੰ ਜੋੜ ਕੋਠੇ ਸਪੀਕਰ ਲਾ ਦੇਣਾ,
ਵਿਆਹਾਂ ਦੇ ਵਿੱਚ ਗਿੱਧੇ ਬੋਲੀਆਂ ਪਾਉਂਦੇ ਹੁੰਦੇ ਸੀ।
ਖੰਡ ਨੂੰ ਪਾ ਕੇ ਰੋਟੀ ਦੇ ਵਿੱਚ ਪੂਣੀ ਬਣਾ ਲੈਣੀ,
ਖੇਡਣ ਲਈ ਭੱਜ ਭੱਜ ਟਾਈਮ ਬਚਾਉਂਦੇ ਹੁੰਦੇ ਸੀ।
ਬੈਠਣ ਲਈ ਬੋਰੀ ਘਰੋਂ ਸਕੂਲ ਲਿਜਾਂਦੇ ਸਾਂ,
ਡੰਡੇ ਦੇ ਨਾਲ ਮਾਸਟਰ ਓਦੋਂ ਪੜਾਉਂਦੇ ਹੁੰਦੇ ਸੀ।
ਸੀ ਕਾਗਜ਼ ਉਤੇ ਲਿਖਕੇ ਚੋਣਵੇਂ ਗੀਤ ਭਰਾਈਦੇ,
ਮੰਗਵੀਂ ਗੀਲ੍ਹ ਡੌਂਕ ਦੇ ਵਿੱਚ ਚਲਾਉਂਦੇ ਹੁੰਦੇ ਸੀ।
ਚੌਂਕੇ ਚੁਲ੍ਹੇ ਕੋਠੇ ਵਿਹੜੇ ਸੀ ਲਿਪਦੇ ਮਿੱਟੀ ਨਾਲ,
ਕੰਧੋਲੀ ਉੱਤੇ ਘੁੱਗੀਆਂ ਮੋਰ ਬਣਾਉਂਦੇ ਹੁੰਦੇ ਸੀ।
ਇਕੱਠੇ ਪਰਿਵਾਰ ਬਹਿ ਸੀ ਦੁਖ ਸੁਖ ਕਰ ਲੈਂਦੇ,
ਖੂਹਾਂ ਉਤੋਂ ਪਾਣੀ ਭਰ ਲਿਆਉਂਦੇ ਹੁੰਦੇ ਸੀ।
ਆਉਂਦੀ ਸੀ ਠੁਕ ਠੁਕ ਪਿੰਡੋ ਬਾਹਰ ਅਵਾਜ਼ ਪੀਟਰ ਦੀ,
ਪਹਿਲੇ ਪਹਿਰ ਬਲਦੀਂ ਜੋਤਾ ਲਾਉਂਦੇ ਹੁੰਦੇ ਸੀ।
ਭਰਵਾਂ ਰੁੱਗ ਲਗਾਕੇ ਟੋਕਾ ਇਕੱਲੇ ਗੇੜਦੇ ਸਾਂ,
ਕੁਤਰੇ ਵਾਲੀ ਹੱਥੀਂ ਮਸ਼ੀਨ ਚਲਾਉਂਦੇ ਹੁੰਦੇ ਸੀ।
ਧੂੰਮੇ ਚਾਦਰੇ, ਸੰਮਾਂਵਾਲੀ ਡਾਂਗ ਸੀ ਸ਼ਾਨ ਪੰਜਾਬੀਆਂ ਦੀ,
ਖੁਲ੍ਹੀ ਮੋਹਰੀ ਵਾਲੀ ਪੈਂਟ ਸਵਾਉਂਦੇ ਹੁੰਦੇ ਸੀ।
ਰਿਵਾਜ ਰਿਹੈ ਪੱਗ ਨੂੰ ਮਾਵਾ ਲਾ ਕੇ ਬੰਨ੍ਹਣ ਦਾ,
ਕਲੱਕਤਿਓਂ ਚੀਰਾ ਸਿਫਾਰਸ਼ ਨਾਲ ਮੰਗਾਉਂਦੇ ਹੁੰਦੇ ਸੀ।
ਝੁੰਡ ਬੰਨ੍ਹ ਮੱਲਿਆਂ ਉੱਤੋ ਬੇਰ ਸੀ ਤੋੜ ਕੇ ਖਾ ਲੈਣੇ,
ਜੇਬਾਂ ਭਰਕੇ ਬੇਰ ਘਰੇ ਲਿਆਉਦੇ ਹੁੰਦੇ ਸੀ।
ਬਰਾਨੀ ਖੇਤਾਂ ਦੇ ਵਿੱਚੋਂ ਜਾਅ ਛੋਲੇ ਪੱਟ ਲੈਣੇ,
ਖੇਤਾਂ ਦੇ ਵਿੱਚ ਹੋਲਾਂ ਅਸੀਂ ਬਣਾਉਦੇ ਹੁੰਦੇ ਸੀ।
ਸਮੇਂ ਨੀ ਆਉਣੇ ਮੁੜਕੇ ਛੋਲੇ ਕਣਕ ਪੈਰੀ ਗਾਹ੍ਹਵਣ ਦੇ,
ਭੱਠੀਓਂ ਸ਼ਾਮੀ ਦਾਣੇ ਅਸੀਂ ਭਨਾਉਂਦੇ ਹੁੰਦੇ ਸੀ।
ਚੇਤਿਓਂ ਵੇਲਾ ਬਿਲਕੁੱਲ ਵੀ ਭੁੱਲਦਾ ਨਹੀਓ ਉਹ,
ਜਦੋਂ ਦੋਸਤ ਬਹਿਕੇ ਸੀਪ ਦੀ ਬਾਜੀ ਲਾਉਦੇ ਹੁੰਦੇ ਸੀ।
ਜੌਆਂ ਵਾਲੀ ਘਾਟ ਸੀ ਵੀਰੇ ਲੱਗਦੀ ਸਵਾਦ ਬੜੀ,
ਉਹਦੇ ਵਿੱਚ ਗੁੜ ਤਾ ਅਸੀਂ ਰਲਾਉਂਦੇ ਹੁੰਦੇ ਸੀ।
ਸਮੇਂ ਸੀ ਚੰਗੇ ਗੁਸਾ ਓਦੋ ਕੋਈ ਨਹੀਂ ਸੀ ਕਰਦਾ,

ਜੱਲੀਆਂ ਸਾਰੇ ਰਲਮਿਲ ਦੋਸਤ ਪਾਉਂਦੇ ਹੁੰਦੇ ਸੀ।
ਬੁਖਾਰ ਚੜ੍ਹੇ ਤੋਂ ਕਦੇ ਕਦੇ ਸੀ ਥੱਲੇ ਲਿਟ ਲੈਂਦੇ,
ਰਗੜੇ ਲਾ ਕੇ ਤਾਪ ਨੂੰ ਅਸੀਂ ਭਜਾਉਦੇ ਹੁੰਦੇ ਸੀ।
ਅਲੈਚੀ ਮਲੱਠੀ ਬਨੱਕਸ਼ਾਂ ਦਾ ਦੁਸ਼ਾਂਦਾ ਪੀ ਲੈਣਾ,
ਨਾ ਡਾਕਟਰ ਨੂੰ ਘਰੇ ਕਦੇ ਬੁਲਾਉਦੇ ਹੁੰਦੇ ਸੀ।
ਬਦਲ ਜਾਣਾ ਹੈ ਸੱਭ ਕੁੱਝ ਕਹਿਣਾ ਸੀ ਬਜੁਰਗਾਂ ਦਾ,
ਓਹ ਦੱਦਾਹੂਰੀਏ ਸ਼ਰਮੇ ਨੂੰ ਸਮਝਾਉਂਦੇ ਹੁੰਦੇ ਸੀ।
————————————————

ਯਾਦਾਂ ਬੀਤੇ ਸਮੇਂ ਦੀਆਂ

ਪੁਰਾਤਨ ਵਿਰਸਾ

ਲੱਖ ਕੋਸਿਸ਼ ਕਰੀਏ ਭੁਲਾਉਣ ਦੀ ਵੀ,
ਪੁਰਾਤਨ ਸਮੇਂ ਤਾਂ ਬਿਲਕੁਲ ਭੁਲਦੇ ਨਹੀਂ।
ਓਸ ਨਜ਼ਰ ਨਾਲ ਅੱਜ ਨੂੰ ਤੱਕੀਏ ਜੇ,
ਬਿਲਕੁਲ ਵੀ ਓਸਦੇ ਤੁੱਲਦੇ ਨਹੀਂ॥
ਸਮੇਂ ਨਾਲ ਤਬਦੀਲੀ ਜਰੂਰ ਆਉਣੀ,
ਅਟੱਲ ਕੁਦਰਤ ਦਾ ਵੀਰੋ ਅਸੂਲ ਹੈ ਇਹ।
ਕੁਦਰਤ ਨਾਲ ਢਲਣਾ ਸਿੱਖਣਾ ਪਊ,
ਨਹੀਂ ਤਾਂ ਜੀਵਨ ਹੀ ਐਵੇਂ ਫਜ਼ੂਲ ਹੈ ਇਹ॥

ਪੁਰਖਿਆਂ ਦੇ ਜੀਵਨ ਤੇ ਜੇ ਝਾਤ ਪਾਈਏ,
ਪੁਰਾਤਨ ਵਿਰਸੇ ਨੂੰ ਉਹ ਸੀ ਪਿਆਰ ਕਰਦੇ।
ਜਿੰਦ ਜਾਨ ਨਿਛਾਵਰ ਕਰਦੇ ਸੀ ਸਤਿ ਬਗਾਨੇ ਤੇ ਵੀ,
ਸਭ ਨਾਲ ਸੀ ਦਿਲੋਂ ਸਤਿਕਾਰ ਕਰਦੇ॥
ਹੁਕਮ ਚੱਲਦਾ ਸੀ ਘਰ ਵਿੱਚ ਇਕ ਦਾ ਹੀ,
ਸਾਰੇ ਉਸੇ ਤੇ ਫੁੱਲ ਚੜਾਂਵਦੇ ਸਨ।
ਕਿੰਨਾ ਜਰੂਰੀ ਸੀ ਭਾਂਵੇ ਕੰਮ ਹੁੰਦਾ,
ਘਰੋਂ ਬਜ਼ੁਰਗਾਂ ਨੂੰ ਪੁੱਛਕੇ ਜਾਂਵਦੇ ਸਨ॥

ਸਾਰੇ ਹੱਥੀਂ ਆਪਣਾ ਕੰਮ ਸੀ ਆਪ ਕਰਦੇ,
ਬਿਲਕੁਲ ਦੂਜੇ ਤੇ ਨਹੀਓਂ ਛੱਡਦੇ ਸੀ।
ਚਾਅ ਹੁੰਦਾ ਸੀ ਛਿੰਜ ਤੇ ਮੇਲੇ ਜਾਣ ਦਾ ਵੀ,
ਫਾਹਾ ਫਿਰ ਵੀਕਦੇ ਨਹੀਂ ਵੱਢਦੇ ਸੀ॥
ਘਰ-ਘਰ ਲਵੇਰਾ ਸੀ ਸ਼ਾਨ ਹੁੰਦਾ,
ਦੁੱਧ ਘਿਓ ਮੱਖਣ ਸਨ ਘਰਾਂ 'ਚ ਆਮ ਹੁੰਦੇ।
ਕੰਮ ਕਰਨ ਵਾਲਿਆਂ ਨੂੰ ਸੀ ਸਭ ਪਚ ਜਾਂਦਾ,
ਪੈਦਾ ਘਰੀਂ ਸੀ ਖਿਡਾਰੀ ਭਲਵਾਨ ਹੁੰਦੇ॥

ਊਠ ਤੇ ਬਲਦਾਂ ਨਾਲ ਹੀ ਖੇਤੀ ਹੋਂਵਦੀ ਸੀ,
ਸੁਬ੍ਹਾ ਉਠ ਕੇ ਜੋਤਾ ਵੀ ਲਾਂਵਦੇ ਸਨ।
ਰੇਹਾਂ ਸਪਰੇਆਂ ਨੂੰ ਕੋਈ ਨਹੀਂ ਜਾਣਦਾ ਸੀ,
ਖਾਦ ਦੇਸੀ ਰੂੜੀ ਦੀ ਸਾਰੇ ਹੀ ਪਾਂਵਦੇ ਸਨ॥
ਕਣਕ ਜਵਾਰ ਬਾਜਰਾ ਮੱਕੀ ਛੋਲੇ ਸਨ ਮੁੱਖ ਫਸਲਾਂ,
ਥੋੜੀ ਸਣ ਵੀ ਪਹਿਲਾਂ ਉਗਾਂਵਦੇ ਸੀ।
ਦੇਸੀ ਕਪਾਹ ਦਾ ਰਿਵਾਜ ਸੀ ਸਿਖਰ ਉਤੇ,
ਝੋਨਾ ਨਰਮਾ ਉਦੋਂ ਘੱਟ ਬਿਜਾਂਵਦੇ ਸੀ॥

ਅਲੋਪ ਹੋ ਗਿਆ ਉਪਰੋਕਤ ਸੱਭ ਕੁਝ ਹੀ,
ਆਪੋ ਆਪਣੀ ਜੇਬ ਤੇ ਮਰਜ਼ੀ ਚੱਲਦੀ ਹੈ।
‘ਦੱਦਾਹੂਰੀਆ ਬਜ਼ੁਰਗਾਂ ਦੀ ਮੰਨੇ ਨਾ ਕੋਈ,
ਸੋਚਣ ਸਾਡੇ ਕਹਿਣ ਸਵੇਰ ਸ਼ਾਮ ਢਲਦੀ ਹੈ॥
ਲਿਖਣ ਦਾ ਮਤਲਬ ਇਹ ਨਾ ਸਮਝ ਲੈਣਾ,
ਕਿ ਤਰੱਕੀ ਅਸੀ ਨਹੀਂ ਚਹੁੰਦੇ ਹਾਂ।
ਪਰ ਮਾੜੀ ਗੱਲ ਇਹ ਦੋਸਤੋ,
ਕਿ ਆਪਾਂ ਵਿਰਸਾ ਦਿਲੋਂ ਭੁਲਾਉਂਦੇ ਹਾਂ॥
——————————

ਵਿਰਸਾ

ਸ਼ਹਿਰਾਂ ਵੱਲ ਸਭ ਦਾ ਮੁਹਾਨ

ਪਿੰਡ ਦਾ ਖਿਆਲ ਜਦੋਂ ਆਉਂਦਾ ਮੇਰੇ ਦੋਸਤੋ, ਯਾਦ ਆਵੇ ਬਾਪੂ ਜੀ ਦੀ ਗਾਲ੍ਹ।
ਬੇਬੇ ਵਾਲੀ ਚੇਤਿਆਂ ‘ਚੋਂ ਕਿਸੇ ਵੇਲੇ ਭੁਲਦੀ ਨਾ, ਹਾਰੇ ‘ਚ ਬਣੀ ਹੋਈ ਦਾਲ॥

ਨਿੱਕੇ ਹੁੰਦੇ ਖੇਡਦੇ ਸੀ ਨਿੱਕੀਆਂ ਹੀ ਖੇਡਾਂ, ਸਾਨੂੰ ਹਰ ਖੇਡ ਲੱਗਦੀ ਪਿਆਰੀ ਸੀ।
ਆਉਂਦੇ ਸੀ ਸਕੂਲੋਂ ਜਦੋਂ ਬਸਤਾ ਤੇ ਫੱਟੀ ਸੁੱਟ, ਕਰ ਲੈਂਦੇ ਝੱਟ ਹੀ ਤਿਆਰੀ ਸੀ॥
ਹਨੇਰਾ ਹੋਣ ਤੱਕ ਸੀ ਮਸਤ ਰਹਿੰਦੇ ਖੇਡਾਂ ਵਿੱਚ, ਦਾਦਾ ਦਾਦੀ ਕਰਦੇ ਸੀ ਭਾਲ ..
..ਬੇਬੇ ਵਾਲੀ..

ਕੋਟਲਾ ਛਪਾਕੀ ਵਿੱਚ ਜਿੰਮੇਰਾਤ ਆਉਣ ਵੇਲੇ, ਕਿਸੇ ਦੀ ਸ਼ਾਮਤ ਜਦੋਂ ਆਉਂਦੀ ਸੀ।
ਮੁੰਡਾ ਹੋਵੇ ਕੁੜੀ ਭਾਂਵੇ ਕੋਟਲੇ ਨੂੰ ਫੜ੍ਹਕੇ ਤੇ, ਅੱਗੇ ਲਾ ਖੂਬ ਹੀ ਭਜਾਉਂਦੀ ਸੀ॥
ਕੋਟਲੇ ਦੀ ਕੁੱਟ ਤੋਂ ਬਚਣ ਲਈ ਕਿਸੇ ਵੇਲੇ, ਲੱਗਦੀ ਸੀ ਪੁੱਠੀ ਵੀਰੋ ਛਾਲ ..
..ਬੇਬੇ ਵਾਲੀ..

ਪਿਲ ਚੋਟ, ਪੂਰ ਨੱਕਾ, ਖੁੱਤੀ ਪਾਉਣੇ ਖੇਡਦੇ ਸੀ, ਕੱਚ ਦੀਆਂ ਗੋਲੀਆਂ ਦੀ ਖੇਡ ਸੀ।
ਗੋਲੀਆਂ ਸੀ ਮਿਲਦੀਆਂ ਤਾਰੇ ਦੀ ਹੱਟੀ ਦੇ ਉਤੋਂ, ਪਰ ਹੋ ਜਾਂਦੀ ਪੂਰੀ ਹੀ ਪਰੇਡ ਸੀ॥
ਜੁੱਤੀਆਂ ਦੀ ਤੌਣੀ ਜਦੋਂ ਘਰੇਂ ਗਿਆਂ ਲੱਗਦੀ ਸੀ, ਹੋ ਜਾਂਦੇ ਪੂਰੇ ਹੀ ਨਿਢਾਲ ..
..ਬੇਬੇ ਵਾਲੀ..

ਰਲਮਿਲ ਖੇਡਦੇ ਸੀ ਕੁੜੀਆਂ ਤੇ ਮੁੰਡੇ ਸਾਰੇ, ਕੋਈ ਨਾ ਦਿਲਾਂ ‘ਚ ਪੱਖਪਾਤ ਸੀ।
ਮਾਪਿਆਂ ਨੂੰ ਹੁੰਦਾ ਸੀ ਭਰੋਸਾ ਪੂਰਾ ਬੱਚਿਆਂ ਤੇ, ਹੁੰਦਾ ਚਾਹੇ ਦਿਨ ਭਾਂਵੇ ਰਾਤ ਸੀ॥
ਅੱਜਕੱਲ੍ਹ ਉਹੋ ਜਿਹੀਆਂ ਖੇਡਾਂ ਨੇ ਅਲੋਪ ਹੋਈਆਂ, ਬਦਲੀ ਜ਼ਮਾਨੇ ਦੀ ਹੈ ਚਾਲ ..
..ਬੇਬੇ ਵਾਲੀ..

ਦੁੱਧ ਦਹੀਂ ਮੱਖਣ ਸੀ ਘਰਾਂ ਵਿੱਚ ਹੁੰਦੇ ਉਦੋਂ, ਸਿਹਤ ਸਾਰੇ ਬੱਚਿਆਂ ਦੀ ਚੰਗੀ ਸੀ।
ਆਈ ਤੇ ਚਲਾਈ ਸਾਰੀ ਵਧੀਆ ਸੀ ਚੱਲਦੀ, ਕਿਸੇ ਗੱਲ ਦੀ ਨਾ ਕੋਈ ਤੰਗੀ ਸੀ॥
ਮਾਂ ਬੋਲੀ ਵਿੱਚ ਸਾਰੀ ਹੁੰਦੀ ਸੀ ਪੜ੍ਹਾਈ ਉਦੋਂ, ਹੋਰ ਭਾਸ਼ਾ ਦਾ ਨਾ ਕੋਈ ਸੀ ਸਵਾਲ
....ਬੇਬੇ ਵਾਲੀ..

ਬਦਲੇ ਜਮਾਨੇ ਨਾਲ ਬਦਲਗੇ ਬੱਚੇ ਸਾਰੇ, ਯੁਗ ਕੰਪਿਊਟਰ ਦਾ ਆ ਗਿਆ।
ਨੋਟਾਂ ਤੋਂ ਬਗੈਰ ਕੋਈ ਖੇਡ ਵੀ ਨਾ ਖੇਡੀ ਜਾਂਦੀ, ਸਮਾਂ ਬੇਬੇ ਅਤੇ ਬਾਪੂ ਨੂੰ ਭੁਲਾ ਗਿਆ॥
ਦਾਲ ਦਾ ਸਵਾਦ ਕੋਈ ਚੱਖ ਕੇ ਨਾ ਵੇਖੇ, ਰਹਿੰਦੀ ਬਰਗਰ ਪੀਜ਼ੇ ਦੀ ਹੀ ਭਾਲ ..
..ਬੇਬੇ ਵਾਲੀ..

ਪਿੰਡਾਂ ਵੱਲੋਂ ਸਭਨੇ ਹੀ ਮੂੰਹ ਜਿਹਾ ਮੋੜ ਲਿਆ, ਸ਼ਹਿਰਾਂ ਵੱਲ ਸਭ ਦਾ ਮੁਹਾਨ ਹੈ।
ਬੇਬੇ ਅਤੇ ਬਾਪੂ ਲਈ ਘਰਾਂ ਵਿੱਚ ਥਾਂ ਹੈਨੀ, ਬ੍ਰਿਧ ਆਸ਼ਰਮਾਂ 'ਚ ਉਨ੍ਹਾਂ ਦਾ ਸਥਾਨ ਹੈ॥
'ਦੱਦਾਹੂਰ ਵਾਲਾ ਜਸਵੀਰ ਸੱਚ ਲਿਖਦਾ, ਅੱਜ ਦੇ ਜ਼ਮਾਨੇ ਦਾ ਇਹ ਹਾਲ ..
..ਬੇਬੇ ਵਾਲੀ..।।
————————————

ਵਿਰਸਾ

ਸਾਡੇ ਪੁਰਾਤਨ ਸੱਭਿਆਚਾਰ ਦੀ ਯਾਦ ਕਰਵਾਉਂਦਾ ਹੈ ਸਾਡਾ ਵਿਰਸਾ।
ਕੀ ਸੀ ਉਦੋਂ ਜਿਉਣ ਦੀ ਸ਼ੈਲੀ ਹੈ ਸਮਝਾਉਂਦਾ ਹੈ ਸਾਡਾ ਵਿਰਸਾ॥
ਕਿਹੋ ਜਿਹਾ ਸੀ ਰਹਿਣ ਸਹਿਣ ਤੇ ਕਿਵੇਂ ਸੀ ਖੇਤੀ ਕਰਦੇ,
ਸੰਯੁਕਤ ਪਰਿਵਾਰਾਂ ਦੀ ਹੈ ਯਾਦ ਦਿਵਾਉਂਦਾ ਸਾਡਾ ਵਿਰਸਾ।
ਬਲਦਾਂ ਦੇ ਗਲ ਟੱਲੀਆਂ ਸਵੇਰੇ 4 ਵਜੇ ਸੀ ਖੜਕਦੀਆਂ,
ਚਾਟੀ ਵਿੱਚ ਮਧਾਣੀ ਦੀ ਅਵਾਜ਼ ਸੁਣਾਉਂਦਾ ਹੈ ਸਾਡਾ ਵਿਰਸਾ॥
ਭੱਤਾ ਲੈ ਸਵਾਣੀ ਕਿਵੇਂ ਸੀ ਜਾਂਦੀ ਉਦੋਂ ਖੇਤਾਂ ਨੂੰ,
ਕੱਚੇ ਖਾਲਾਂ ਦੀਆਂ ਵੱਟਾਂ ਵੀ ਟਪਾਉਂਦਾ ਸਾਡਾ ਵਿਰਸਾ।
ਵੱਟਾਂ ਉਤੇ ਸੀ ਰੇਡੀਓ ਰੱਖਕੇ ਸੁਣਦੇ ਉਨ੍ਹਾਂ ਸਮਿਆਂ 'ਚ,
ਹੱਥ ਕੰਨਾਂ ਤੇ ਰੱਖਕੇ ਹੇਕਾਂ ਲਵਾਉਂਦਾ ਸਾਡਾ ਵਿਰਸਾ॥
ਭਾਈਚਾਰਕ ਸਾਂਝਾਂ ਬਹੁਤ ਹੀ ਪੀਡੀਆਂ ਸਨ,
ਬਣੇ ਉਹੋ ਜਿਹੇ ਮਾਰ ਹਲੂਣਾ ਜਗਾਉਂਦਾ ਸਾਡਾ ਵਿਰਸਾ।
ਮੱਲ ਅਖਾੜਿਆਂ ਦੇ ਵਿੱਚ ਉਦੋਂ ਕਰਦੇ ਜ਼ੋਰ ਅਜਮਾਈ ਸੀ,
ਚੰਗੀਆਂ ਸਿਹਤਾਂ ਲਈ ਹੈ ਉਕਸਾਉਂਦਾ ਸਾਡਾ ਵਿਰਸਾ॥
ਸੀ ਪੁਰਾਤਨ ਸਮਿਆਂ ਦੇ ਵਿੱਚ ਬਜੁਰਗਾਂ ਨੂੰ ਕਿਵੇ ਸੰਭਾਲਦੇ ਸੀ,
ਅਜੋਕੀ ਨੌਜਵਾਨ ਪੀੜ੍ਹੀ ਨੂੰ ਠੋਕਰਾਂ ਲਾਉਂਦਾ ਸਾਡਾ ਵਿਰਸਾ।
ਓ ਅ ਹੀ ਪੜ੍ਹਾਈ ਦੀਆਂ ਕਰਦਾ ਨੀਹਾਂ ਪੱਕੀਆਂ ਸੀ,
ਮਾਤ ਭਾਸ਼ਾ ਦੀ ਪ੍ਰੌੜਤਾ ਕਰਵਾਉਂਦਾ ਸਾਡਾ ਵਿਰਸਾ॥
ਬੋਲੀ ਕੋਈ ਵੀ ਕਿਸੇ ਦੇਸ਼ ਦੀ ਮਾੜੀ ਨਾ,
ਪੁਰਖਿਆਂ ਦੇ ਪਦ ਚਿੰਨ੍ਹਾਂ ਤੇ ਚੱਲਣਾ ਸਿਖਾਉਂਦਾ ਸਾਡਾ ਵਿਰਸਾ।
ਨਾ ਮਿਲਣਾ ਐਸਾ ਪੰਜਾਬੀ ਵਿਰਸਾ ਲੱਖਾਂ ਭਾਲ ਕਰੋ,
ਜਾਵੇ ਹੁਣ ਤਾਂ ਹਰ ਪੰਜਾਬੀ ਹੀ ਭੁਲਾਉਂਦਾ ਸਾਡਾ ਵਿਰਸਾ॥
ਨਸ਼ਿਆਂ ਨੇ ਕਲਾਵੇ ਦੇ ਵਿੱਚ ਲੈ ਲਿਆ ਹੁਣ ਪੰਜਾਬ ਨੂੰ,
ਇਹੀ ਹੁਣ ਤਾਂ ਰਾਤ ਦਿਨੇ ਕੁਰਲਾਉਂਦਾ ਸਾਡਾ ਵਿਰਸਾ।
ਡੁੱਲ੍ਹੇ ਬੇਰਾਂ ਨੂੰ ਹਾਲੇ ਵੀ ਚੁਗ ਕੇ ਝੋਲੀ ਪਾ ਲਓ ਜੀ,
'ਦੱਦਾਹੂਰੀਆ' ਅੱਜ ਵੀ ਯਾਦ ਕਰਾਉਂਦਾ ਸਾਡਾ ਵਿਰਸਾ॥
——————————

ਚੌਕੇ (ਗੁਆਂਢੀ)

ਹੋਵੇ ਗੁਆਂਢੀ ਦੇ ਘਰੇ ਜੇ ਦੁੱਖ ਕੋਈ, ਖੁਸ਼ੀ ਆਪਣੇ ਘਰੇ ਮਨਾਈਏ ਨਾ।
ਇਹ ਗੱਲ ਤਾਂ ਕਦੇ ਵੀ ਸੋਭਦੀ ਨਾ, ਜੇਕਰ ਦੁੱਖ ਜਾ ਉਹਦਾ ਵੰਡਾਈਏ ਨਾ॥
ਹੋਣੀ ਪਿੰਡ ਦੇ ਵਿੱਚ ਜਰੂਰ ਚਰਚਾ, ਇਨਸਾਨੀਅਤ ਵਾਲਾ ਜੇ ਫ਼ਰਜ ਨਿਭਾਈਏ ਨਾ।
ਵਾਧਾ ਤੁਹਾਡੇ ਤੇ ਓਸ ਨੇ ਲੱਖ ਕੀਤਾ, ਮੁਸੀਬਤ ਵੇਲੇ ਜੇ ਉਹਨੂੰ ਭੁਲਾਈਏ ਨਾ॥

ਰਿਸ਼ਤੇਦਾਰ ਤਾਂ ਪਤਾ ਨਹੀ ਕਦੋਂ ਆਊ, ਪਹਿਲਾਂ ਗੁਆਂਢੀ ਹੀ ਭੱਜਿਆ ਆਂਵਦਾ ਹੈ।
ਰੱਬ ਕਰੇ ਨਾ ਐਸਾ ਕੋਈ ਦੁੱਖ ਆਵੇ, ਸਭ ਤੋਂ ਪਹਿਲਾਂ ਉਹ ਫ਼ਰਜ ਨਿਭਾਂਵਦਾ ਹੈ॥
ਗੁਆਂਢੀ ਨਾਲ ਜੇ ਕਦੇ ਵਿਗਾੜੀਏ ਨਾ, ਤਾਂ ਦੁੱਖ ਦਰਦ ਉਹ ਆਣ ਵੰਡਾਂਵਦਾ ਹੈ।
ਉਹਦੇ ਨਾਲ ਜੇ ਰੱਖੀਏ ਖਾਰ ਦਿਲ 'ਚੋਂ, ਵੰਡੀਆਂ ਭਾਈਆਂ ਦੇ ਵਿੱਚ ਪਵਾਂਵਦਾ ਹੈ॥

ਗੁਆਂਢੀ ਜਿਹਾ ਨਾ ਡਾਕਟਰ ਕੋਈ ਵਿੱਚ ਦੁਨੀਆਂ, ਮਾਹੌਲ ਸੁਖਾਂਵਾ ਜੇ ਉਹਦੇ ਨਾਲ ਹੋਏ ਲੋਕੋ।
ਗੁਆਂਢੀ ਨਾਲ ਜੇ ਕਿਸੇ ਦੀ ਵਿਗੜ ਜਾਵੇ, ਉਹੋ ਕੂੜ ਹਨੇਰੇ ਹੀ ਢੋਏ ਲੋਕੋ॥
ਜੇ ਬੰਦਾ ਚੰਦਰਾ ਆ ਕੇ ਗੁਆਂਢ ਵਸ ਜੇ, ਸਾਰੇ ਪਿੰਡ 'ਚ ਹੋ ਜਾਏ ਤੋਏ ਤੋਏ ਲੋਕੋ।
ਘਰ ਦਾ ਭੇਤ ਨਾ ਪਹੁੰਚਦਾ ਥਾਂ ਦੂਜੇ, ਜੇ ਉਹ ਲੋਕਾਂ ਦੇ ਕੰਨੀਂ ਨਾ ਗੱਲ ਪਰੋਏ ਲੋਕੋ॥

ਨਸ਼ੱਈ ਜਵਾਰੀਆ ਜੇਕਰ ਗੁਆਂਢ ਵਸ ਜਾਏ, ਰੱਖੋ ਘਰ ਦਾ ਬੂਹਾ ਸਦਾ ਬੰਦ ਵੀਰੋ।
ਉੱਤੋਂ ਉੱਤੋਂ ਦੁਆ ਸਲਾਮ ਲੱਖ ਕਰ ਲਉ, ਰੱਖੋ ਜਿਆਦਾ ਨਾ ਕਦੇ ਸਬੰਧ ਵੀਰੋ॥
ਨੇੜੇ ਹੋਵੋਂਗੇ ਛਿੱਟੇ ਜਰੂਰ ਪੈਣੇ, ਉਹ ਹੈ ਜਮਾਨੇ ਦਾ ਗੰਦ ਵੀਰੋ।
ਆਪਣੇ ਬੱਚਿਆਂ ਨੂੰ ਰੱਖੋ ਦੂਰ ਉਹਤੋਂ, ਮੂੰਹੋਂ ਬੋਲਣਾ ਓਸ ਨੇ ਮੰਦ ਵੀਰੋ॥
————————

ਆਧੁਨਿਕ ਦੋਹੇ

ਦੋਹੇ

ਰਿਸ਼ਤੇ ਬਦਲੇ ਨਾਤੇ ਬਦਲੇ, ਬਦਲ ਗਿਆ ਸੰਸਾਰ।
ਪਹਿਲਾਂ ਵਾਲਾ ਕਿਤੋਂ ਨਾ ਲੱਭਦਾ, ਅੱਜਕੱਲ੍ਹ ਵੀਰੋ ਪਿਆਰ॥
ਭੈਣ ਭਰਾ ਦਾ ਪਾਕ ਸੀ ਰਿਸ਼ਤਾ, ਲੀਰੋ ਲੀਰ ਹੈ ਹੋਇਆ।
ਸਵਾਰਥੀ ਹੋਇਆ ਹੈ ਜੱਗ ਸਾਰਾ, ਆਪਾ ਸੱਭ ਨੇ ਖੋਹਿਆ॥
ਭਾਈ ਨਾ ਭਾਈ ਨੂੰ ਵੇਖਕੇ ਰਾਜ਼ੀ, ਉਲਟ ਜ਼ਮਾਨੇ ਆਏ।
ਇਕੋ ਮਾਂ ਦੇ ਪੇਟੋ ਜੰਮੇ, ਖ਼ੂਨ ਦੇ ਫਿਰਨ ਤਿਹਾਏ॥
ਮਾਂ ਬਾਪ ਨਾ ਕਹਿਣ ਜਬਾਨੋਂ, ਸੰਭਾਲਣ ਦੀ ਗੱਲ ਦੂਰ।
ਬੁੜਾ ਬੁੜੀ ਸਾਨੂੰ ਦੱਦ ਹੈ ਲੱਗਿਆ, ਕਹਿੰਦਾ ਅੱਜਕੱਲ੍ਹ ਦਾ ਪੂਰ॥
ਮਾਂ ਬਾਪ ਦੀਆਂ ਕਲਯੁਗ ਦੇ ਵਿੱਚ, ਵੰਡੀਆਂ ਲੱਗੀਆਂ ਪੈਣ।
ਜਾਇਦਾਦ ਪਿੱਛੇ ਫਿਰੇ ਲੁਕਾਈ, ਮਾਇਆ ਬਣ ਗਈ ਡੈਣ॥
ਪੈਸੇ ਪਿੱਛੇ ਬਣੀਆਂ ਭੈਣਾਂ, ਭਰਾਵਾਂ ਦੀਆਂ ਸ਼ਰੀਕ।
ਦੁਖ-ਸੁਖ ਦੇ ਵਿੱਚ ਆਉਣ-ਜਾਣ ਦੀ ਖਿੱਚੀ ਗਈ ਲਕੀਰ॥
ਘਰ ਦੀ ਇੱਜ਼ਤ ਹੈ ਤਕਾਉਂਦੇ, ਵਿਖਾਉਣ ਜਿਹੜੇ ਅਪਣੱਤ।
ਘਰੇ ਨਾ ਵਾੜੋ ਓਪਰਾ, ਸਿਆਣਿਆਂ ਦੀ ਹੈ ਮੱਤ॥
ਆਪਣਿਆਂ ਨੂੰ ਆਪੇ ਵੱਢ ਕੇ, ਜਾਵੇ ਘਰੇ ਦਬਾਇਆ।
ਲੋਭ ਲਾਲਚ ਨੇ ਮੱਤ ਹੈ ਮਾਰੀ, ਕਲਯੁਗ ਫੇਰਾ ਪਾਇਆ॥
ਕਿਸੇ ਨੂੰ ਕਹਿਣ ਦਾ ਸਮਾਂ ਨਹੀਂ, ਨਾ ਕੋਈ ਗੱਲ ਸਹਾਰੇ।
ਆਪੋ ਆਪਣੀ ਮਰਜ਼ੀ ਕਰਦੇ, ਘਰ ਦੇ ਜੀਅ ਜੋ ਸਾਰੇ॥
ਟਾਂਵੇ ਸੰਯੁਕਤ ਪਰਿਵਾਰ ਨੇ ਲੱਭਦੇ, ਹੁਣ ਤਾਂ ਵਿੱਚ ਪੰਜਾਬ।
ਇਕੱਲੇ ਇਕੱਲੇ ਰਹਿਣ ਦਾ, ਪੈ ਗਿਆ ਨਵਾਂ ਰਿਵਾਜ॥
ਮਾਰ ਕੁੱਖਾਂ ਵਿੱਚ ਧੀਆਂ ਨੂੰ, ਕਰਨ ਪੁੱਤਾਂ ਦੀ ਭਾਲ।
ਬੇ-ਦਰਦੀ ਬੇ-ਰਹਿਮ ਨੇ ਅਜੋਕੇ ਲੋਕ ਚੰਡਾਲ॥
ਆਪਣਿਆਂ ਨਾਲ ਦੁੱਖ ਵੰਡਾਉਂਣ ਦਾ, ਕਿਸੇ ਕੋਲ ਵੀ ਸਮਾਂ ਨਹੀਂ।
ਭਟਕਦੀ ਮਾਇਆ ਪਿੱਛੇ ਦੁਨੀਆਂ, ਫਿਰ ਵੀ ਭਰਦੀ ਤਮਾ ਨਹੀਂ॥
ਅਡਵਾਂਸ ਜ਼ਮਾਨੇ ਦੀ ਚਕਾ ਚੌਂਧ ਵਿੱਚ, ਗਿਆ ਗਵਾਚ ਮਨੁੱਖ।
ਨਹੀਂ ਨੋਟਾਂ ਵਿੱਚੋਂ ਲੱਭਣਾ, ਸਦੀਵੀਂ ਇਸ ਨੂੰ ਸੁੱਖ॥
————————————

ਲੋਕ ਤੱਥ

ਦਿਲ ਵਿੱਚ ਰੱਖੀਏ ਨਾ ਸੋਚ ਮਾੜੀ ਜੀ।
ਆਪ ਤੋਂ ਵੱਡੇ ਦੇ ਨਾਲ ਕਾਹਦੀ ਯਾਰੀ ਜੀ॥
ਨਿੱਕੀ ਨਿੱਕੀ ਗੱਲੋਂ ਨਾ ਕਦੇ ਵੀ ਲੜੀਏ।
ਸਭਨਾਂ ਦਾ ਦਿਲੋਂ ਸਤਿਕਾਰ ਕਰੀਏ॥

ਯਾਰ ਦਾ ਨਾ ਕਦੇ ਵੀ ਪਿੱਛਾ ਤਕਾਈਏ ਜੀ।
ਲਾਕੇ ਯਾਰੀ ਓੜ ਦੇ ਤਾਈਂ ਨਿਭਾਈਏ ਜੀ॥
ਦੁੱਖ ਵੇਲੇ ਨਾਲ ਧਿਰ ਬਣ ਖੜ੍ਹੀਏ।
ਵੱਡਿਆਂ ਦਾ ਦਿਲੋਂ ਸਤਿਕਾਰ ਕਰੀਏ॥

ਨਸ਼ੇ ਲਾ ਕੇ ਪੁੱਤ ਨਾ ਬੇਗਾਨਾ ਪੱਟੀਏ।
ਚੰਗੇ ਕੰਮੀਂ ਸ਼ੋਭਾ ਜੱਗ ਵਿਚੋਂ ਖੱਟੀਏ॥
ਜਾਮਨੀ ਨਾ ਜਣੇ ਖਣੇ ਦੀ ਜੀ ਭਰੀਏ।
ਵੱਡਿਆਂ ਦਾ ਦਿਲੋਂ ਸਤਿਕਾਰ ਕਰੀਏ॥

ਓਪਰੇ ਨੂੰ ਕਦੇ ਵੀ ਘਰੇ ਲਿਆਓ ਨਾ।
ਅਨਜਾਣ ਕੋਲੋਂ ਕਦੇ ਕੁੱਝ ਲੈ ਕੇ ਖਾਓ ਨਾ॥
ਆਪਣਿਆਂ ਲਈ ਜਾਨ ਤਲੀ ਧਰੀਏ।
ਵੱਡਿਆਂ ਦਾ ਦਿਲੋਂ ਸਤਿਕਾਰ ਕਰੀਏ॥

ਸ਼ਰਮਾ ਜੋ ਦੱਦਾਹੂਰ ਵਾਲਾ ਕਹਿੰਦਾ ਹੈ।
ਬੰਦਾ ਓਹੀ ਜੱਗ ਵਿੱਚ ਸੁਖੀ ਰਹਿੰਦਾ ਹੈ॥
ਸਦਾ ਦੁੱਖਾਂ ਅਤੇ ਦਰਦਾਂ ਨੂੰ ਦਿਲੋਂ ਹਰੀਏ।
ਵੱਡਿਆਂ ਦਾ ਦਿਲੋਂ ਸਤਿਕਾਰ ਕਰੀਏ॥
————————

ਵਿਰਸਾ

ਸਦੀ ਇੱਕੀਵੀਂ ਤਰੱਕੀ ਆਪਾਂ ਬਹੁਤ ਕਰ ਲੀ,
ਵੈਸੇ ਵੀ ਕੁਦਰਤੀ ਨੇਮ ਹੈ ਇਹ।
ਭੁੱਲ ਜਾਣਗੇ ? ਬਜ਼ੁਰਗ ਪੁਰਾਣੇ ਵਿਰਸੇ ਨੂੰ,
ਨਵੀਂ ਪੀੜ੍ਹੀ ਨੂੰ ਬਿਲਕੁਲ ਵਹਿਮ ਹੈ ਇਹ॥

ਚਾਲ ਚਲਣ ਵੇਖ ਕੇ ਨਵੇਂ ਜਮਾਨੇ ਵਾਲਾ,
ਬਜ਼ੁਰਗ ਮਨ ਦੇ ਵਿੱਚ ਨੇ ਝੁਰੀ ਜਾਂਦੇ।
ਪੁਰਾਤਨ ਸਭ ਕੁਝ ਹੀ ਇਹਨਾਂ ਨੇ ਰੋਲ ਦਿੱਤਾ,
ਵਿੱਚੋਂ ਵਿੱਚ ਹੀ ਉਹੋ ਨੇ ਖੁਰੀ ਜਾਂਦੇ॥

ਸਾਡੇ ਸਮੇਂ ਸੀ ਪੁੱਛ ਕੇ ਗੱਲ ਹੁੰਦੀ,
ਹੁਣ ਤਾਂ ਗੱਲ ਇਹ ਸਾਡੀ ਫਜੂਲ ਸਮਝਣ।
ਬਾਹਰਲੇ ਘਰੀਂ ਮੰਜੇ ਨੇ ਡਾਹ ਛੱਡੇ,
ਬੁੱਢੇ ਬੋਲਦੇ ਊਲ ਜਲੂਲ ਸਮਝਣ॥

ਰਾਇ ਲੈਂਦੇ ਸੀ ਵੱਢ ਵਢੇਰਿਆਂ ਦੀ,
ਜਦੋਂ ਕੋਈ ਸੀ ਕਾਰ ਵਿਹਾਰ ਕਰਦੇ।
ਨਹੀ ਫ਼ਰਜ ਤੋਂ ਮੁਨਕਰ ਕਦੇ ਹੋਂਵਦੇ ਸਾਂ,
ਦਿਲੋਂ ਸਭ ਦਾ ਸੀ ਸਤਿਕਾਰ ਕਰਦੇ॥

ਪਹਿਲਾਂ ਜਿਹਾ ਨਾ ਕੁਝ ਵੀ ਰਿਹਾ ਅੱਜਕੱਲ੍ਹ,
ਖਾਣ ਪੀਣ ਵੀ ਓਪਰਾ ਭਾਸਦਾ ਹੈ।
ਪੁਰਾਣਾ ਖਾਣ ਪਾਣ ਹੀ ਸਾਨੂੰ ਹੈ ਮਨ ਭਾਉਂਦਾ,
ਰਿਸ਼ਤਾ ਓਸੇ ਨਾਲ ਨਹੁੰ ਤੇ ਮਾਸ ਦਾ ਹੈ॥

ਕੌਲ ਕਾਂਸੀ ਦੇ ਭਾਂਡੇ ਸੀ ਪਿੱਤਲ ਦੇ ਜੋ,
ਉਹਨਾਂ ਵਿੱਚ ਹੀ ਰੋਟੀਆਂ ਖਾਂਵਦੇ ਸਾਂ।
ਪਸ਼ਮੀਨੇ, ਜਰੀ ਨਹੀ ਹੋਰ ਕੁਝ ਜਾਣਦੇ ਸੀ,
ਲੀੜੇ ਖੱਦਰ ਦੇ ਸਾਰੇ ਹੀ ਪਾਂਵਦੇ ਸਾਂ॥

ਪੀਜੇ ਬਰਗਰ ਨਿਊਡਲ ਖੁਰਾਕ ਅੱਜਕੱਲ੍ਹ,
ਰੋਟੀ ਮੱਕੀ ਦੀ ਸਾਗ ਖਿਚੜੀ ਭੁੱਲ ਗਏ ਹੋਂ।
ਤਲੀਆਂ ਚੀਜਾਂ ਨੂੰ ਬਹੁਤ ਪਸੰਦ ਕਰਦੇ,
ਤਾਂ ਹੀ ਵਿੱਚ ਬਿਮਾਰੀਆਂ ਤੁਸੀ ਰੁੱਲ ਗਏ ਹੋਂ॥

ਸਾਦਾ ਖਾਈਏ ਤੇ ਸਾਦਾ ਹੀ ਪਹਿਨੀਏ ਜੇ,
ਸਾਰੇ ਨਸ਼ਿਆਂ ਤੋਂ ਵੀ ਦੂਰ ਰਹੀਏ।
ਆਪਣਾ ਆਪ ਸੱਭ ਹੱਥੀ ਜੇ ਕੰਮ ਕਰੀਏ,
ਮਜ਼ਾ ਜਿੰਦਗੀ ਦਾ ਸਾਰੇ ਭਰਪੂਰ ਲਈਏ॥

ਸਾਡਾ ਸਰਮਾਇਆ ਹੈ ਸਾਡੇ ਬਜੁਰਗ ਵੀਰੋ,
ਰਲ ਮਿਲ ਇਹ ਗੱਲ ਵਿਚਾਰੀਏ ਜੀ।
'ਦੱਦਾਹੂਰੀਆ' ਪਿਛਲੀਆਂ ਭੁੱਲ ਜਾਈਏ,
ਨਾ ਅੱਗੇ ਤੋਂ ਕਦੇ ਵਿਸਾਰੀਏ ਜੀ॥
————————

ਲੋਕ ਤੱਥ

ਮਾਪਿਆਂ ਦਾ ਕਦੇ ਵੀ ਨਾ ਕਹਿਣਾ ਮੋੜੀਏ।
ਪੁੱਛੇ ਬਿਨ ਬਾਗ 'ਚੋਂ ਨਾ ਫੁੱਲ ਤੋੜੀਏ॥
ਘੂਰੀਏ ਨਾ ਪੁੱਤ ਨੂੰ ਜਵਾਨ ਹੋਏ ਤੋਂ।
ਪੈਂਦਾ ਪਛਤਾਉਣਾ ਫਿਰ ਹਾਣ ਹੋਏ ਤੋਂ॥

ਜਵਾਨ ਧੀ ਨੂੰ ਕੱਛਣੇ ਨਾ ਕੌਲੇ ਚਾਹੀਦੇ।
ਨਿਪਟਾਉਣੇ ਘਰੇ ਘਰ ਵਾਲੇ ਰੌਲੇ ਚਾਹੀਦੇ॥
ਬਾਪੂ ਜੀ ਦੀ ਪੱਗ ਨੂੰ ਮਿੱਟੀ ਮਿਲਾਉਂਦੀ ਐ।
ਧੀ ਕਾਹਦੀ ਕੁਲ ਨੂੰ ਦਾਗ ਲਾਉਂਦੀ ਐ॥

ਭੋਜਨ ਕਰਾਈਏ ਦੁਖੀ ਜਾ ਲਾਚਾਰ ਨੂੰ।
ਮੰਗਤਾ ਬਨਾਉਟੀ ਤੱਕੂ ਘਰ ਬਾਰ ਨੂੰ॥
ਅਵਾਜ ਦਿੱਤੇ ਬਿਨਾ ਘਰੇ ਨਾ ਬਿਗਾਨੇ ਵੜੀਏ।
ਨਿੱਕੀ ਨਿੱਕੀ ਗੱਲੋਂ ਨਾ ਗਵਾਂਢ ਲੜੀਏ॥

ਪੱਥਰਾਂ ਨੂੰ ਪਾੜ ਦਿੰਦੀ ਚੱਕ ਦੋਸਤੋ।
ਮਾੜਾ ਹੁੰਦਾ ਕਰਨਾ ਤਾਂ ਸ਼ੱਕ ਦੋਸਤੋ॥
ਨਾ ਸਭ ਕੁਝ ਸਮਝੀਏ ਨੌਟ ਬਾਈ ਜੀ।
ਰਿਸ਼ਤਿਆਂ 'ਚ ਪਾ ਦਿੰਦੇ ਖੋਟ ਬਾਈ ਜੀ॥

ਨੁਕਸਾਨ ਹੈ ਪੁਚਾਉਂਦਾ ਸਦਾ ਭੇਤੀ ਘਰ ਦਾ।
ਪਾਲਤੂ ਜੋ ਕੁੱਤਾ ਹੁੰਦਾ ਇਕੋ ਦਰ ਦਾ॥
ਵਿੜ੍ਹੀ ਸਿੜ੍ਹੀ ਕਰੀਏ ਨਾ ਰਹੀਏ ਕੱਲ੍ਹੇ ਜੀ।
ਨਾ ਸਾਂਝ ਗਿਰੀ ਵਿੱਚ ਕੁਝ ਪੈਂਦਾ ਪੱਲੇ ਜੀ॥

ਦੇਈਏ ਨਾ ਔਲਾਦ ਦਾ ਮਿਹਣਾ ਸ਼ਰੀਕ ਨੂੰ।
ਸੱਪ ਲੰਘੇ ਪਿਛੋਂ ਕੁੱਟੀਏ ਨਾ ਲੀਕ ਨੂੰ॥
ਲਿਖੀਆਂ ਨੇ ਗੱਲਾਂ ਦੱਦਾਹੂਰ ਵਾਲੇ ਖ਼ਰੀਆਂ।
ਹਾਲੇ ਕੱਲ੍ਹ ਹੀ ਸੀ ਦਿਲ ਵਿੱਚ ਯਾਦ ਕਰੀਆਂ॥
————————

ਲੋਕ ਤੱਥ

ਅਣਜਾਨ ਕੋਲੋਂ ਕਦੇ ਕੁਝ ਲੈ ਕੇ ਖਾਈਏ ਨਾ।
ਓਪਰੇ ਜਿਹੇ ਬੰਦੇ ਨੂੰ ਘਰੇ ਬੁਲਾਈਏ ਨਾ॥
ਕੁੱਤਾ ਥੋਬੀ ਦਾ ਹੁੰਦਾ ਘਰ ਦਾ ਨਾ ਘਾਟ ਦਾ।
ਆਟਾ ਖਾਣਾ ਚਾਹੀਦੈ ਸਦਾ ਘਰਾਟ ਦਾ॥

ਚੰਗੀ ਮੱਤ ਚਾਹੀਦੀ ਗ੍ਰਹਿਣ ਕਰਨੀ।
ਆਦਤ ਹੈ ਚੰਗੀ ਗੱਲ ਸਹਿਣ ਕਰਨੀ॥
ਆਪੇ ਤੋਂ ਕਦੇ ਨਹੀਂ ਬਾਹਰ ਹੋਣਾ ਚਾਹੀਦਾ।
ਵੈਦ ਦੋਲੋਂ ਦੁੱਖ ਨਹੀਂ ਲਕੋਣਾ ਚਾਹੀਦਾ॥

ਕਦੇ ਜਬਾਨ ਵਿੱਚੋਂ ਬੋਲੀਏ ਨਾ ਮੰਦਾ ਦੋਸਤੋ।
ਹੱਥਾਂ ਨਾਲ ਕਰੋ ਹਰ ਧੰਦਾ ਦੋਸਤੋ॥
ਕਿਤੇ ਗਰੀਬ ਦਾ ਨਾ ਮਾਰ ਲੈਣਾ ਹੱਕ ਵੀਰਨੋ।
ਹੁੰਦੈ ਨੁਕਸਾਨ ਨਾ ਕੋਈ ਸ਼ੱਕ ਵੀਰਨੋ॥

ਘਰ ਦਾ ਨਾ ਕਿਸੇ ਨੂੰ ਦੇਈਏ ਭੇਤ ਜੀ।
ਦਸੀਏ ਸ਼ਹਿਰ ਭਾਂਵੇ ਹੋਈਏ ਖੇਤ ਜੀ॥
ਤਾਹੀਂ ਕਿਸੇ ਦਾ ਸਵਾਰਿਆ ਹੈ ਜਾਣਾ ਵੀਰਨਾ।
ਪਹਿਲਾਂ ਪਊ ਤੈਨੂੰ ਆਪਣਾ ਗਵਾਨਾ ਵੀਰਨਾ॥

ਆਪਣਿਆਂ ਨੂੰ ਦਿੰਦੇ ਨੇ ਭੁਲਾ ਨੋਟ ਜੀ।
ਪੈਸੇ ਪਿਛੇ ਵੇਚੀਏ ਨਾ ਕਦੇ ਵੋਟ ਜੀ॥
ਕੋਈ ਹੁੰਦਾ ਨਹੀਂ ਭਰੋਸਾ ਚਲਦੇ ਸਵਾਸਾਂ ਦਾ।
ਕਦੋਂ ਦੱਦਾਹੂਰੀਏ ਦਾ ਢਹਿ ਜਾਣਾ ਮਹਿਲ ਆਸਾਂ ਦਾ॥

ਤੁਰੇ ਜਾਂਦੇ ਕਦੇ ਸੂਤੀਏ ਨਾ ਝਾੜੀ ਨੂੰ।
ਨਾ ਗੱਡੇ ਬੈਲ ਜੋੜੀਏ ਕਦੇ ਅਨਾੜੀ ਨੂੰ॥
ਕੰਮ ਆਉਣੀ ਸਦਾ ਨਰਮਾਈ ਬੰਦਿਆ।
ਜੇਲ੍ਹ ਹੈ ਵਿਖਾਉਂਦੀ ਅੜਬਾਈ ਬੰਦਿਆ॥

ਆਪਣੀ ਔਕਾਤ ਵਿੱਚ ਰਹਿਣਾ ਚਾਹੀਦਾ।
ਮੰਗ ਕੇ ਨਹੀਂ ਪਾਉਣਾ ਕਦੇ ਗਹਿਣਾ ਚਾਹੀਦਾ॥
ਪੱਲੇ ਬੰਨਣੀ ਸਿਆਣਿਆਂ ਦੀ ਮੱਤ ਚਾਹੀਦੀ।
ਵਾਹੁਣ ਲਈ ਜ਼ਮੀਨ ਪੂਰੀ ਵੱਤ ਚਾਹੀਦੀ॥

ਵਿਤੋਂ ਬਾਹਲਾ ਭਾਰ ਚੱਕਣਾ ਨਹੀਂ ਚਾਹੀਦਾ।
ਦਿਲ ਵਿੱਚ ਖੋਰ ਰੱਖਣਾ ਨਹੀਂ ਚਾਹੀਦਾ॥
ਗਲਤ ਜੇ ਲਿਖੀ ਕੋਈ ਗੱਲ ਦੱਸਿਓ।
ਦੱਦਾਹੂਰੀਏ ਨੂੰ ਲਿਖਣ ਦਾ ਵੱਲ ਦੱਸਿਓ॥
————————

ਹਕੀਕਤ (ਦੋਹੇ)

ਰਿਸ਼ਤੇ ਜੋ ਨਿਭਾਂਵਦਾ, ਹੈ ਉਹੀ ਇਨਸਾਨ।
ਸਮਤਲ ਰੱਖ ਬਣਾਕੇ, ਬਣ ਜਾਏ ਪੁਰਸ਼ ਮਹਾਨ॥

ਸਮੇਂ ਸਿਰ ਵੰਡਾਂਵਦਾ ਕਿਸੇ ਦਾ ਜੋ ਵੀ ਦੁਖ।
ਇਸ ਵਿੱਚ ਕੋਈ ਵੀ ਸ਼ੱਕ ਨਾ ਮਿਲੇ ਸਦੀਵੀ ਸੁਖ॥

ਜੋ ਕਰਦੈ ਕੰਮ ਭਲਾਈ ਦੇ, ਉਸਤਤ ਕਰਦੈ ਜੱਗ।
ਹਮੇਸ਼ ਲੁਕਾਈ ਨਿੰਦਦੀ, ਜੋ ਮੂੰਹ ਚੋਂ ਉਗਲੇ ਅੱਗ॥

ਕਿਸੇ ਦੇ ਲਈ ਖੋਦਦਾ ਡੂੰਘਾ ਟੋਭਾ ਜੋ।
ਖੁਦ ਉਹਦੇ ਵਿੱਚ ਡਿਗਦਾ ਦੂਜਿਓਂ ਪਹਿਲਾਂ ਉਹ॥

ਦੇਖ ਤਰੱਕੀ ਕਿਸੇ ਦੀ ਕਰੇ ਮਨੁੱਖ ਜੋ ਸਾੜਾ।
ਨੇੜਿਓਂ ਵੇਖਿਆ ਵੀਰਨੋ, ਹਸ਼ਰ ਹੁੰਦਾ ਹੈ ਮਾੜਾ॥

ਕਿਸੇ ਦੀ ਇਜ਼ਤ ਰੋਲਦਾ ਜੋ ਵੀ ਪੈਰਾਂ ਹੇਠ।
ਦਸ਼ਾਂਦਾ ਮਿਲੇ ਤਿੰਨ ਮੇਲ ਦਾ, ਵਿੱਚ ਪੰਜਾਬੀ ਠੇਠ॥

ਗਰੀਬ ਅਮੀਰ ਦੀ ਸਮਝੇ ਇਜ਼ਤ ਇਕ ਸਮਾਨ।
ਹੱਕਦਾਰ ਸਨਮਾਨ ਦਾ ਹੈ ਉਹੀ ਇਨਸਾਨ॥

ਸ਼ਰਮਾ ਦੱਦਾਹੂਰੀਆ ਲਿਖਣ ਦਾ ਸਿਖਦੈ ਵੱਲ।
ਸੋਧ ਕੇ ਆਪੇ ਪੜ੍ਹਨ ਦਾ ਕਰ ਲਿਆ ਜੋ ਤੁਸੀ ਹੱਲ॥
————————

ਦੋਹੇ

ਵਕਤ ਪਏ ਤੋਂ ਕੰਮ ਜੋ ਆਵੇ, ਦੋਸਤ ਉਹੀ ਸੱਚਾ।
ਗਰਜੀ ਅੱਜਕੱਲ ਨਾਤੇ ਸਾਰੇ ਪਿਆਰ ਵੇਖਿਆ ਕੱਚਾ॥
ਪੈਸੇ ਪਿੱਛੇ ਟੁੱਟ ਜਾਂਦੇ ਨੇ ਰਿਸ਼ਤੇ ਜੋ ਵੀ ਖਾਸ।
ਮੁੱਠੀ ਗਰਮ ਜੇ ਕਰੀਏ ਨਾ ਫੋਕਾ ਹੀ ਧਰਵਾਸ॥
ਬਿਨਾਂ ਗਰਜ ਦੇ ਮਰਦੇ ਵੀ, ਮੂੰਹ ਵਿੱਚ ਪਾਉਣ ਨਾ ਪਾਣੀ।
ਇਨਸਾਨੀਅਤ ਵਾਲੀ ਹੁੰਦੀ ਜਾਂਦੀ ਅੱਜਕੱਲ ਖਤਮ ਕਹਾਣੀ॥
ਫੋਕੀ ਫੜ੍ਹ ਨਾ ਮਾਰੀਏ ਜੇ ਜੇਬ੍ਹ ਝੱਲੇ ਨਾ ਭਾਰ।
ਨਾਪ ਤੋਲ ਕੇ ਕਰੀਏ ਗੱਲ ਨੂੰ ਕਹੀਏ ਸੋਚ ਵਿਚਾਰ॥
ਸੱਚਾਈ ਕਦੇ ਲਕੋਈਏ ਨਾ ਵਿੱਚ ਪੰਚਾਇਤ ਦੇ ਜਾਅ।
ਫੈਸਲੇ ਦਾ ਮੇਰੇ ਵੀਰਨੋਂ ਤਾਂ ਹੀ ਨਿਕਲੂ ਰਾਹ॥
ਮੋਹਤਬਰ ਬਣਕੇ ਪਿੰਡ ਦੇ ਨਾ ਕਰੀਏ ਕਿਸੇ ਦਾ ਪੱਖ।
ਸੱਚਾਈ ਲਿਆਈਏ ਸਾਹਮਣੇ, ਬਿਲਕੁਲ ਹੋ ਨਿਰਪੱਖ॥
ਪੀੜ੍ਹੀ ਹੇਠਾਂ ਸੋਟਾ ਮਾਰੀਏ, ਜੇ ਕਿਸੇ ਨੂੰ ਕੁਝ ਕਹੀਏ।
ਚਿੱਕੜ ਨਾ ਉਛਾਲੀਏ ਵਿੱਚ ਔਕਾਤ ਦੇ ਰਹੀਏ॥
'ਦੱਦਾਹੂਰੀਆ' ਲਿਖ ਦੋਹੇ ਐਵੇਂ ਚਵਾ ਚਵੀ ਨਾ ਕਰਾਈਂ।
ਜੇਕਰ ਵਿੱਚ ਸੱਚਾਈ ਹੈ ਤਾਂ ਹੀ ਫੇਸਬੁੱਕ ਤੇ ਪਾਈ॥
————————

ਲੋਕ ਤੱਥ

ਤੀਵੀਂ ਨੂੰ ਹੈ ਜੀਭ ਦਾ ਸਵਾਦ ਪੱਟਦਾ।
ਅਮਲੀ ਨਾ ਨਸ਼ੇ ਵਿੱਚੋਂ ਕੁਝ ਖੱਟਦਾ॥
ਚੁਗਲੀ ਦੀ ਹੁੰਦੀ ਐ ਆਦਤ ਮਾੜੀ ਜੀ।
ਰਹੀਏ ਦੂਰ ਇਸਤੋਂ ਉਮਰ ਸਾਰੀ ਜੀ॥

ਸ਼ੱਕ ਨਾਲ ਉਜੜੇ ਨਾ ਘਰ ਵਸਦੇ।
ਸੱਚੀਆਂ ਇਹ ਗੱਲਾਂ ਨੇ ਸਿਆਣੇ ਦੱਸਦੇ॥
ਰੁਲ ਜਾਂਦੀ ਮਿੱਟੀ ਵੀਰੋ ਚਿੱਟੀ ਦਾੜੀ ਜੀ।
ਰਹੀਏ ਦੂਰ ਇਸਤੋਂ ਉਮਰ ਸਾਰੀ ਜੀ॥

ਵਰਜਕੇ ਰੱਖੀਏ ਬੱਚੇ ਹਮੇਸ਼ ਜੀ।
ਇਨ੍ਹਾਂ ਦੀਆਂ ਗੱਲਾਂ ਪਾਉਂਦੀਆਂ ਕਲੇਸ਼ ਜੀ॥
ਹੁੰਦੀ ਕੱਚਿਆਂ ਕੰਨਾਂ ਦੀ ਗਲਤੀ ਹੈ ਭਾਰੀ ਜੀ।
ਰਹੀਏ ਦੂਰ ਇਸਤੋਂ ਉਮਰ ਸਾਰੀ ਜੀ॥

ਜਵਾਨ ਹੋਜੇ ਧੀ ਘਰੋਂ ਬਾਹਰ ਜਾਈਏ ਨਾ।
ਕਿਸੇ ਨੂੰ ਵੀ ਪਿੱਛੋਂ ਤੋਹਮਤਾਂ ਜਿਹੀਆਂ ਲਾਈਏ ਨਾ॥
ਆਖਣਾ ਹੈ ਪੈਂਦਾ ਗਈ ਮੱਤ ਮਾਰੀ ਜੀ।
ਰਹੀਏ ਦੂਰ ਇਸਤੋਂ ਉਮਰ ਸਾਰੀ ਜੀ॥

ਪਰਿਵਾਰ ਦਾ ਗਹਿਣਾ ਘਰ ਦਾ ਥਬਾਕ ਜੀ।
ਵਾਹ ਲੱਗੇ ਕਦੇ ਹੋਣ ਦੇਈਏ ਨਾ ਤਲਾਕ ਜੀ॥
'ਦੱਦਾਹੂਰੀਏ' ਨੇ ਮਨ ਇਹ ਗੱਲ ਵਿਚਾਰੀ ਜੀ।
ਰਹੀਏ ਦੂਰ ਇਸਤੋਂ ਉਮਰ ਸਾਰੀ ਜੀ॥
————————

ਲੋਕ ਤੱਥ

ਹੱਕ ਨਾ ਗਰੀਬ ਦਾ ਕਦੇ ਵੀ ਮਾਰੀਏ।
ਗੱਲ ਗੱਲ ਉਤੇ ਨਾ ਜੀ ਰੋਹਬ ਝਾੜੀਏ॥
ਔਖਾ ਝੱਲਣਾ ਹੈ ਹੁੰਦਾ ਸੰਤਾਪ ਦੋਸਤੋ।
ਲੈ ਬਹਿੰਦਾ ਹੈ ਗਰੀਬ ਦਾ ਸਰਾਪ ਦੋਸਤੋ॥

ਮੂੰਹ ਵਿੱਚੋਂ ਕਦੇ ਉਗਲੋ ਨਾ ਅੱਗ ਜੀ।
ਹੰਕਾਰਿਆ ਸੋ ਮਾਰਿਆ ਹੈ ਕਹਿੰਦਾ ਜੱਗ ਜੀ॥
ਕੁਹਾੜਾ ਮਾਰਦਾ ਉਹ ਪੈਰਾਂ ਉਤੇ ਆਪ ਦੋਸਤੋ।
ਲੈ ਬਹਿੰਦਾ ਹੈ ਗਰੀਬ ਦਾ ਸਰਾਪ ਦੋਸਤੋ॥

ਗਰੀਬ ਦੀ ਜੋ ਬੰਦਾ ਇਜ਼ਤ ਤਕਾਉਂਦਾ ਹੈ।
ਆਪਣੀ ਹੀ ਬੇੜੀ ਵਿੱਚ ਵੱਟੇ ਪਾਉਂਦਾ ਹੈ॥
ਗੁਰੂ ਘਰ ਦਾ ਵੀ ਇਹੀ ਹੈ ਅਲਾਪ ਦੋਸਤੋ।
ਲੈ ਬਹਿੰਦਾ ਹੈ ਗਰੀਬ ਦਾ ਸਰਾਪ ਦੋਸਤੋ॥

ਹੱਕ ਮਾਰ ਪਾਪ ਨਹੀਂ ਚੜਾਉਣਾ ਚਾਹੀਦਾ।
ਸਦਾ ਮਿਹਨਤ ਨੂੰ ਤਲੀ ਤੇ ਟਿਕਾਉਣਾ ਚਾਹੀਦਾ॥
ਨਹੀਂ ਤਾਂ ਹੋ ਜਾਂਦਾ ਰੱਬ ਵੀ ਖਿਲਾਫ਼ ਦੋਸਤੋ।
ਲੈ ਬਹਿੰਦਾ ਹੈ ਗਰੀਬ ਦਾ ਸਰਾਪ ਦੋਸਤੋ॥

'ਦੱਦਾਹੂਰੀਆ' ਉਹ ਬੰਦੇ ਸਦਾ ਸੁਖੀ ਵਸਦੇ।
ਗਰੀਬ ਦਾ ਮੂੰਹ ਜੋ ਗੋਲਕ ਗੁਰੂ ਦੀ ਦੱਸਦੇ॥
ਘੱਟ ਹੀ ਕਰਦੇ ਨੇ ਐਸੀ ਬੰਦੇ ਰੀਸ ਦੋਸਤੋ।
ਜਿਹੜੇ ਕਰਦੇ ਉਹ ਲੈਂਦੇ ਨੇ ਅਸੀਸ ਦੋਸਤੋ॥
————

ਲੋਕ ਤੱਥ

ਆਪ ਤੋਂ ਵੱਡੇ ਨੂੰ ਜੇ ਗਾਲ ਕੱਢੀਏ।
ਜੇ ਵਿਆਹੁਣ ਵੱਲੋਂ ਮੰਗੀ ਹੋਈ ਮੰਗ ਛੱਡੀਏ॥
ਜੱਗੋਂ ਤੇਰਵੀਂ ਇਹ ਦੋਸਤੋ ਕਹਾਣੀ ਹੁੰਦੀ ਐ।
ਦੁਨੀਆਂ 'ਚ ਬਹੁਤ ਸਦਾ ਬਦਨਾਮੀ ਹੁੰਦੀ ਐ॥

ਸ਼ਰੀਕੇ ਵਿੱਚ ਜਾਕੇ ਜੇ ਵੰਡਾਈਏ ਦੁੱਖ ਨਾ।
ਹੱਥੀ ਜੋ ਲਗਾਇਆ ਕਦੇ ਵੱਢੋ ਰੁੱਖ ਨਾ॥
ਕੰਮ ਬਣਦੇ 'ਚ ਮਾੜੀ ਮਾਰੀ ਭਾਨੀ ਹੁੰਦੀ ਐ।
ਦੁਨੀਆਂ 'ਚ ਬਹੁਤ ਬਦਨਾਮੀ ਹੁੰਦੀ ਐ॥

ਚੰਗੇ ਕੰਮੀਂ ਕਦੇ ਨਾ ਅੜਾਈਏ ਲੱਤ ਨੂੰ।
ਚੁਗਲੀ ਤੇ ਸ਼ੱਕ ਮਾਰ ਦਿੰਦੇ ਮੱਤ ਨੂੰ॥
ਆਪਣੀ ਹੀ ਇਨ੍ਹਾਂ ਨਾਲ ਹਾਨੀ ਹੁੰਦੀ ਐ।
ਦੁਨੀਆਂ 'ਚ ਬਹੁਤ ਬਦਨਾਮੀ ਹੁੰਦੀ ਐ॥

ਰਿਸ਼ਤੇਦਾਰੀ ਪੈਸੇ ਨਾਲ ਜਾਂਦੀ ਟੁੱਟ ਜੀ।
ਮਾਇਆ ਹੀ ਪੌਂਦੀ ਹੈ ਭਰਾਵੀਂ ਫੁੱਟ ਜੀ॥
ਮੁੜਦੀ ਨਾ ਕਦੇ ਵੀ ਦੁਆਨੀ ਹੁੰਦੀ ਐ।
ਦੁਨੀਆਂ 'ਚ ਬਹੁਤ ਬਦਨਾਮੀ ਹੁੰਦੀ ਐ॥

ਨਸ਼ਾ ਜਦੋਂ ਹੱਡਾਂ ਵਿੱਚ ਜਾਵੇ ਰੱਚ ਜੀ।
'ਦੱਦਾਹੂਰੀਏ' ਦੀਆਂ ਗੱਲਾਂ ਨੂੰ ਜਾਣੋ ਸੱਚ ਜੀ॥
ਉਦੋਂ ਜਿੰਦਗੀ ਦੀ ਖਤਮ ਕਹਾਣੀ ਹੁੰਦੀ ਹੈ।
ਦੁਨੀਆਂ 'ਚ ਬਹੁਤ ਬਦਨਾਮੀ ਹੁੰਦੀ ਐ॥
————————

ਲੋਕ ਤੱਥ

ਮਿਟਦਾ ਨਾ ਕਦੇ ਬੋਲੀ ਵਾਲਾ ਫੱਟ ਜੀ।
ਤੰਗ ਬਹੁਤ ਕਰੇ ਜੋੜ ਵਾਲੀ ਸੱਟ ਜੀ॥
ਮਾੜੀ ਹਰ ਕੰਮ ਵਿੱਚ ਮਨਮਾਨੀ ਹੁੰਦੀ ਐ।
ਮਾੜਿਆਂ ਦਿਨਾਂ ਦੀ ਇਹ ਨਿਸ਼ਾਨੀ ਹੁੰਦੀ ਐ॥

ਚੱਕ ਦਿੰਦੀ ਪੱਥਰਾਂ ਨੂੰ ਇਹ ਪਾੜ ਦੋਸਤੋ।
ਬੋਲੀ ਸ਼ਰੀਕ ਦੀ ਵੀ ਦਿੰਦੀ ਸੀਨਾ ਪਾੜ ਦੋਸਤੋ॥
ਇਹੇ ਮਰਨ ਮਰਾਉਣ ਦੀ ਕਹਾਣੀ ਹੁੰਦੀ ਐ।
ਮਾੜਿਆਂ ਦਿਨਾਂ ਦੀ ਇਹ ਨਿਸ਼ਾਨੀ ਹੁੰਦੀ ਐ॥

ਰਹਿੰਦਾ ਜੰਗ ਦਾ ਬਣਿਆਂ ਸਦਾ ਅਖਾੜਾ ਜੀ।
ਹਰ ਸਮੇਂ ਘਰ 'ਚ ਕਲੇਸ਼ ਮਾੜਾ ਜੀ॥
ਸੱਚੀ ਮੁੱਚੀ ਬੜੀ ਪਰੇਸ਼ਾਨੀ ਹੁੰਦੀ ਐ।
ਮਾੜਿਆਂ ਦਿਨਾਂ ਦੀ ਇਹ ਨਿਸ਼ਾਨੀ ਹੁੰਦੀ ਐ॥

ਪੜਿਆ ਜੋ ਇਹ ਵੀ ਨਾਲ ਗੌਰ ਦੋਸਤੋ।
ਮਾੜਾ ਹੁੰਦਾ ਊਠ ਵਾਲਾ ਖੋਰ ਦੋਸਤੋ॥
ਕਿਸੇ ਜਾਨ ਨੂੰ ਤਾਂ ਇਹਦੇ ਨਾਲ ਹਾਨੀ ਹੁੰਦੀ ਐ।
ਮਾੜਿਆਂ ਦਿਨਾਂ ਦੀ ਇਹ ਨਿਸ਼ਾਨੀ ਹੁੰਦੀ ਐ॥

ਮਾੜਾ ਹੁੰਦੈ ਬੰਦਾ ਜੋ ਹੈ ਲਾਈ ਲੱਗ ਜੀ।
ਹਰ ਵੇਲੇ ਪਾਈ ਰੱਖੇ ਘਰੇ ਅੱਗ ਜੀ॥
ਸਾਰੇ ਘਰ ਵਾਲੇ ਜੀਆਂ ਨੂੰ ਹੈਰਾਨੀ ਹੁੰਦੀ ਐ।
ਮਾੜਿਆਂ ਦਿਨਾਂ ਦੀ ਇਹ ਨਿਸ਼ਾਨੀ ਹੁੰਦੀ ਐ॥

ਅਣਖ਼ੀ ਨਾ ਬੇਇਜ਼ਤੀ ਕਦੇ ਸਹਾਰਦਾ।
'ਦੱਦਾਹੂਰ ਵਾਲਾ ਖ਼ਰੀਆਂ ਉਚਾਰਦਾ॥
ਬਣਦੇ ਕੰਮਾਂ 'ਚ ਮਾੜੀ ਭਾਨੀ ਹੁੰਦੀ ਐ।
ਮਾੜਿਆਂ ਦਿਨਾਂ ਦੀ ਇਹ ਨਿਸ਼ਾਨੀ ਹੁੰਦੀ ਐ॥
————————

ਲੋਕ ਤੱਥ

ਚੜੀ ਹੋਈ ਵੱਤ ਦੀ ਜੀ ਵਾਹ ਮਾੜੀ ਆ।
ਗਰੀਬਾਂ ਦੀ ਤਾਂ ਲੱਗ ਜਾਵੇ ਹਾਅ ਮਾੜੀ ਆ॥
ਬਦ ਅਸੀਸਾਂ ਕਦੇ ਝੋਲੀ 'ਚ ਭਰਾਈਏ ਨਾ।
ਵੇਖੇ ਬਿਨਾਂ ਕਿਸੇ ਉਤੇ ਦੋਸ਼ ਲਾਈਏ ਨਾ॥

ਓਪਰੇ ਨਾਲ ਲਾਈ ਯਾਰੀ ਮਾੜੀ ਦੋਸਤੋ।
ਅੱਜਕੱਲ੍ਹ ਹਰ ਕੋਈ ਖਿਲਾੜੀ ਦੋਸਤੋ॥
ਪਰਖੇ ਤੋਂ ਬਿਨਾ ਕੁਝ ਲੈ ਕੇ ਖਾਈਏ ਨਾ।
ਵੇਖੇ ਬਿਨਾਂ ਕਿਸੇ ਉਤੇ ਦੋਸ਼ ਲਾਈਏ ਨਾ॥

ਲੈ ਬਹਿੰਦਾ ਘਰ ਦਾ ਕਲੇਸ਼ ਦੋਸਤੋ।
ਛੇੜੀਏ ਨਾ ਸਾਧੂ ਦਰਵੇਸ਼ ਦੋਸਤੋ॥
ਫ਼ਕੀਰ ਦਾ ਮਖੌਲ ਵੀ ਕਦੇ ਉਡਾਈਏ ਨਾ।
ਵੇਖੇ ਬਿਨਾਂ ਕਿਸੇ ਉਤੇ ਦੋਸ਼ ਲਾਈਏ ਨਾ॥

ਆਪਦੀ ਇਜ਼ਤ ਹੁੰਦੀ ਹੱਥ ਆਪਦੇ।
ਵੇਦ ਤੇ ਗ੍ਰੰਥ ਸੱਭ ਨੇ ਅਲਾਪਦੇ॥
ਫੋਕਾ ਰੋਹਬ ਕਿਸੇ ਤੇ ਵੀ ਪਾਈਏ ਨਾ।
ਵੇਖੇ ਬਿਨਾਂ ਕਿਸੇ ਉਤੇ ਦੋਸ਼ ਲਾਈਏ ਨਾ॥

ਜਵਾਨ ਪੁੱਤ ਨੂੰ ਨੀ ਰੋਹਬ ਕਦੇ ਦੇਣਾ ਚਾਹੀਦਾ।
ਪਿਆਰ ਨਾਲ ਸਭ ਕੁਝ ਕਹਿਣਾ ਚਾਹਦਾ॥
ਖੇਹ ਧੌਲੀ ਦਾੜੀ ਵਿੱਚ ਕਦੇ ਵੀ ਪਵਾਈਏ ਨਾ।
ਵੇਖੇ ਬਿਨਾਂ ਕਿਸੇ ਉਤੇ ਦੋਸ਼ ਲਾਈਏ ਨਾ॥

ਲਿਖਿਆ ਨਹੀਂ ਕੁਝ ਵੀ ਮੈਂ ਗੱਪ ਦੋਸਤੋ।
'ਦੱਦਾਹੂਰੀਏ' ਨੂੰ ਜਾਪੇ ਸਭ ਸੱਚ ਦੋਸਤੋ॥
ਕਦੇ ਪਰਖ਼ ਤੋਂ ਬਿਨਾ ਲਿਖਤ ਸਲਾਹੀਏ ਨਾ।
ਵੇਖੇ ਬਿਨਾਂ ਕਿਸੇ ਉਤੇ ਦੋਸ਼ ਲਾਈਏ ਨਾ॥
————————

ਲੋਕ ਤੱਥ

ਭਾਈਆਂ ਵਿੱਚ ਪੈ ਜੇ ਵਿਗਾੜ ਮਾੜਾ ਏ।
ਕਰੇ ਜੇ ਜਵਾਕ ਤਾਂ ਰਿਹਾੜ ਮਾੜਾ ਏ॥
ਚਤਰਾਈ ਵਾਲੀ ਹੁੰਦੀ ਐ ਜਨਾਨੀ ਮਾੜੀ ਜੀ।
ਵੱਸਦੇ ਨਾ ਘਰ ਉਹ ਉਮਰ ਸਾਰੀ ਜੀ॥

ਤੋਰਾ ਫੇਰਾ ਨਿੱਤ ਜੋ ਜਨਾਨੀ ਭਾਲਦੀ।
ਬਿਲਕੁਲ ਘਰ ਨੂੰ ਨਾ ਉਹ ਸੰਭਾਲਦੀ॥
ਦਿਲ ਵਿੱਚ ਐਸ਼ ਜਿਸਨੇ ਹੈ ਧਾਰੀ ਜੀ।
ਵੱਸਦੇ ਨਾ ਘਰ ..

ਬੱਚਿਆਂ ਦੀਆਂ ਜਿੱਥੇ ਹੁੰਦੀਆਂ ਲੜਾਈਆਂ ਜੀ।
ਕਦੇ ਵੀ ਨਾ ਸਿਰੇ ਲੱਗਣ ਪੜ੍ਹਾਈਆਂ ਜੀ॥
ਧੀ ਭੈਣ ਰਹਿ ਜਾਂਦੀ ਹੈ ਕਵਾਰੀ ਜੀ।
ਵੱਸਦੇ ਨਾ ਘਰ ..

ਕੰਮ ਚੋਰ ਬੰਦਾ ਹੋਵੇ ਜਿਹੜੇ ਘਰ ਦਾ।
ਔਖਾ ਹੀ ਗੁਜਾਰਾ ਚੱਲੇ ਓਸ ਘਰ ਦਾ॥
ਮੁਸੀਬਤ ਹੈ ਆਈ ਰਹਿੰਦੀ ਘਰੇ ਭਾਰੀ ਜੀ।
ਵੱਸਦੇ ਨਾ ਘਰ ..

ਤਾਅਨਿਆਂ ਦੀ ਲੱਗੀ ਰਹੇ ਝੜੀ ਜਿੱਥੇ ਜੀ।
ਹਰ ਜੀਅ ਪੁਗਾਉਣੀ ਚਾਹੇ ਅੜੀ ਜਿੱਥੇ ਜੀ॥
ਰਹਿੰਦੀ ਹੈ ਅਕਲ ਸਭਦੀ ਹੀ ਮਾਰੀ ਜੀ।
ਵੱਸਦੇ ਨਾ ਘਰ ..

'ਦੱਦਾਹੂਰੀਆ ਹੈ ਓਸ ਘਰੇ ਭੰਗ ਭੁੱਜਦੀ।
ਨਹੀਂ ਕਿਸੇ ਨੂੰ ਵੀ ਮੱਤ ਵਾਲੀ ਗੱਲ ਸੁੱਝਦੀ॥
ਗਲਤੀ ਨਾ ਕਦੇ ਵੀ ਜਾਣੀ ਸੁਧਾਰੀ ਜੀ।
ਵੱਸਦੇ ਨਾ ਘਰ ..
————————————

ਦਲਿਦਰ ਤੇ ਦੁੱਖ ਜਿੱਥੇ ਵੱਸ ਜਾਂਦਾ ਹੈ।
ਘੜਿਓਂ ਵੀ ਪਾਣੀ ਉਥੋਂ ਨੱਸ ਜਾਂਦਾ ਹੈ॥
ਕੱਢੇ ਇਹ ਸਿਆਣਿਆਂ ਨੇ ਤੱਤ ਦੋਸਤੋ।
ਕਰੋ ਨਾ ਲੜਾਈਆਂ ਹੈ ਇਹ ਮੱਤ ਦੋਸਤੋ॥

ਏਕੇ ਜੈਸਾ ਕਿਤੇ ਵੀ ਨਾ ਮਿਲੇ ਸੁੱਖ ਜੀ।
ਕੱਲਾ ਨਾ ਉਜਾੜੀਂ ਹੋਵੇ ਕਿਤੇ ਰੁੱਖ ਜੀ॥
ਪੈ ਜਾਂਦੈ ਕੱਲੇ ਦੇ ਕੋਈ ਖੱਤ ਦੋਸਤੋ।
ਕਰੋ ਨਾ ਲੜਾਈਆਂ ਹੈ ਇਹ ਮੱਤ ਦੋਸਤੋ॥

ਇਕੱਠ ਰੱਖਣਾ ਹੈ ਹੁੰਦਾ ਬਹੁਤ ਔਖਾ ਵੀਰਨੋ।
ਹਬੀ ਨਬੀ ਝੱਲਣਾ ਨਹੀਂ ਸੌਖਾ ਵੀਰਨੋ॥
ਪੱਲੇ ਰਹਿੰਦਾ ਨਹੀਂ ਏਕੇ ਬਿਨਾ ਕੱਖ ਦੋਸਤੋ।
ਕਰੋ ਨਾ ਲੜਾਈਆਂ ਹੈ ਇਹ ਮੱਤ ਦੋਸਤੋ॥

ਬੱਚਿਆਂ ਦੀ ਗੱਲ ਅਣਗੌਲੀ ਕਰੀਏ।
ਬਿਲਕੁਲ ਓਧਰ ਨਾ ਧਿਆਨ ਧਰੀਏ॥
ਪਰਿਵਾਰ ਵਿੱਚੋਂ ਸਭ ਦਾ ਇਹ ਹੱਕ ਦੋਸਤੋ।
ਕਰੋ ਨਾ ਲੜਾਈਆਂ ਹੈ ਇਹ ਮੱਤ ਦੋਸਤੋ॥

ਤੀਵੀਆਂ ਦੀ ਸੱਥਰੀ ਤਾਂ ਕਦੇ ਪੈਂਦੀ ਨਹੀਂ।
ਮੂੰਹ ਆਈ ਗੱਲ ਤਾਂ ਕਦੇ ਵੀ ਰਹਿੰਦੀ ਨਹੀਂ॥
ਰੱਬ ਦੇ ਦੇਵੇ ਇਹਨਾਂ ਨੂੰ ਸੁਮੱਤ ਦੋਸਤੋ।
ਕਰੋ ਨਾ ਲੜਾਈਆਂ ਹੈ ਇਹ ਮੱਤ ਦੋਸਤੋ॥

ਜਿਗਰੇ ਨਾ ਰੱਖਿਆ ਥਬਾਕ ਜਾਂਦਾ ਹੈ।
'ਦੱਦਾਹੂਰ' ਵਾਲਾ ਖਰੀਆਂ ਸੁਣਾਂਦਾ ਹੈ॥
ਬੈਠਕੇ ਵਿਚਾਰੋ ਨਾ ਕੋਈ ਸ਼ੱਕ ਦੋਸਤੋ।
ਕਰੋ ਨਾ ਲੜਾਈਆਂ ਹੈ ਇਹ ਮੱਤ ਦੋਸਤੋ॥
————————————

ਚੱਲਦੀ ਹੈ ਕੰਨੀ ਉਤੇ ਮਾੜੇ ਬੰਦੇ ਦੀ।
ਹਰ ਵੇਲੇ ਲੋੜ ਹੁੰਦੀ ਉਹਨੂੰ ਧੰਦੇ ਦੀ॥
ਤਾਂਹੀ ਵੱਡਿਆਂ ਦੀਆਂ ਤਲੀਆਂ ਓ ਰਹਿੰਦਾ ਝੱਸਦਾ।
ਗੱਲਾਂ 'ਦੱਦਾਹੂਰ' ਵਾਲਾ ਖਰੀਆਂ ਹੈ ਦੱਸਦਾ॥

ਹਰ ਸਾਲ ਵੱਡਿਆਂ ਦੇ ਸੀਰ ਲੈਂਦਾ ਹੈ।
ਬਿੰਦੇ ਝੱਟੇ ਮਾੜੀ ਤਕਦੀਰ ਕਹਿੰਦਾ ਹੈ॥
ਕੰਮ ਕਰੇ ਬਿਨਾ ਟਾਈਮ ਨਹੀਂ ਟੱਪਦਾ।
ਗੱਲਾਂ 'ਦੱਦਾਹੂਰ' ਵਾਲਾ ਖਰੀਆਂ ਹੈ ਦੱਸਦਾ॥

ਹਾੜ੍ਹੀ ਸਾਉਣੀ ਹੁੰਦਾ ਹੈ ਹਿਸਾਬ ਓਸਦਾ।
ਗੱਲ ਗੱਲ ਉਤੇ ਜਿਮੀਦਾਰ ਕੋਸਦਾ॥
ਹੁੰਦੀ ਔਖਿਆਈ ਪਰ ਰਹੇ ਹੱਸਦਾ।
ਗੱਲਾਂ 'ਦੱਦਾਹੂਰ' ਵਾਲਾ ਖਰੀਆਂ ਹੈ ਦੱਸਦਾ॥

ਕਾਰਜ ਜੇ ਘਰੇ ਕੋਈ ਧਰੇ ਕਾਮਾ ਜੀ।
ਪੈਸੇ ਪਿਛੇ ਹੁੰਦਾ ਰਹਿੰਦਾ ਹੈ ਹੰਗਾਮਾ ਜੀ॥
ਹਰ ਵੇਲੇ ਆਸ ਵੱਡਿਆਂ ਤੋਂ ਰੱਖਦਾ।
ਗੱਲਾਂ 'ਦੱਦਾਹੂਰ' ਵਾਲਾ ਖਰੀਆਂ ਹੈ ਦੱਸਦਾ॥

ਵਹੀ ਤੇ ਅੰਗੂਠਾ ਲਾ ਦੇਵੇ ਹੱਸਕੇ।
ਦਿੰਦੇ ਹਨ ਪੈਸੇ ਗੱਲ ਖ਼ਰੀ ਦੱਸਕੇ॥
ਕਹੇ ਵਾਹਿਗੁਰੂ ਪੜਦੇ ਹੈ ਆਪੇ ਢੱਕਦਾ।
ਗੱਲਾਂ 'ਦੱਦਾਹੂਰ' ਵਾਲਾ ਖਰੀਆਂ ਹੈ ਦੱਸਦਾ॥

ਰੱਖੀਂ ਤਾਲਮੇਲ ਰੱਬਾ ਇਨਾਂ ਦਾ ਬਣਾਕੇ ਜੀ।
ਤਰਨਾ ਮਾੜਿਆਂ ਨੇ ਤਕੜਿਆਂ ਦੇ ਨਾਲ ਲਾਕੇ ਜੀ॥
ਵੱਡੇ ਬਿਨਾ ਮਾੜਾ ਦੋਸਤੋ ਨਹੀਂ ਕੱਖਦਾ।
ਗੱਲਾਂ 'ਦੱਦਾਹੂਰ' ਵਾਲਾ ਖਰੀਆਂ ਹੈ ਦੱਸਦਾ॥
————————

ਲੋਕ ਤੱਥ

ਨਾ ਘਰ ਵਿੱਚ ਅਸਲਾ ਨਜਾਇਜ ਰੱਖੀਏ।
ਕਿਸੇ ਦੀ ਜਨਾਨੀ ਨੂੰ ਨਾ ਮਾੜਾ ਤੱਕੀਏ॥
ਬਹੁਤਾ ਵੱਡਾ ਹੁੰਦਾ ਇਹ ਗੁਨਾਹ ਦੋਸਤੋ।
ਹੁੰਦੀ ਹਰ ਘਰੇ ਧੀ ਭੈਣ ਮਾਂ ਦੋਸਤੋ॥

ਤੱਕੀਏ ਜੇ ਪਰ ਨੂੰ ਤਾਂ ਆਵੇ ਘਰ ਨੂੰ।
ਰੱਖੀਏ ਵਸਾਕੇ ਦਿਲ ਇਸੇ ਡਰ ਨੂੰ॥
ਐਵੇਂ ਜੱਗ ਵਿੱਚ ਹੋਜੂ ਕਾਂ ਕਾਂ ਦੋਸਤੋ।
ਹੁੰਦੀ ਹਰ ਘਰੇ ਧੀ ਭੈਣ ਮਾਂ ਦੋਸਤੋ॥

ਇੱਜ਼ਤ ਗਰੀਬ ਤੇ ਅਮੀਰ ਦੀ ਦੋ ਨਹੀਂ ਹੁੰਦੀਆਂ।
ਕਿਸੇ ਵੀ ਪੈਮਾਨੇ ਨਾਲ ਟੋਹ ਨਹੀਂ ਹੁੰਦੀਆਂ॥
ਇਹੇ ਦਰਜ ਹੈ ਗੱਲ ਥਾਂ ਥਾਂ ਦੋਸਤੋ।
ਹੁੰਦੀ ਹਰ ਘਰੇ ਧੀ ਭੈਣ ਮਾਂ ਦੋਸਤੋ॥

ਆਵੇ ਇੱਜ਼ਤ ਤੇ ਆਂਚ ਤਾ ਬਚਾਉਣੀ ਚਾਹੀਦੀ।
ਸੂਰਮੇ ਨੂੰ ਜਾਨ ਨਹੀਂ ਲਕੋਣੀ ਚਾਹਦੀ॥
ਗੁਰੂ ਸਾਹਿਬਾਂ ਦਾ ਵੀ ਇਹੀ ਫੁਰਮਾਂ ਦੋਸਤੋ।
ਹੁੰਦੀ ਹਰ ਘਰੇ ਧੀ ਭੈਣ ਮਾਂ ਦੋਸਤੋ॥

ਹਰ ਘਰ ਵਿੱਚ ਰੌਣਕਾਂ ਵੀ ਲੌਂਦੀਆਂ ਨੇ ਇਹ।
ਉਤਪਤੀ ਜੱਗ ਦੀ ਵਧਾਉਂਦੀਆਂ ਨੇ ਇਹ॥
ਘਰ ਇਨ੍ਹਾਂ ਬਿਨਾ ਕਰੇ ਭਾਂ ਭਾਂ ਦੋਸਤੋ।
ਹੁੰਦੀ ਹਰ ਘਰੇ ਧੀ ਭੈਣ ਮਾਂ ਦੋਸਤੋ॥

'ਦੱਦਾਹੂਰੀਏ' ਦੀ ਗੱਲ ਦਾ ਬੁਰਾ ਮਨਾਇਓ ਨਾ।
ਸੋਚਿਆ ਜੋ ਬਹਿ ਕੇ ਉਤੋਂ ਦੀ ਲੰਘਾਇਓ ਨਾ॥
ਨਹੀਓਂ ਘਰ ਵਿੱਚ ਇਨਾਂ ਬਿਨਾ ਛਾਂ ਦੋਸਤੋ।
ਹੁੰਦੀ ਹਰ ਘਰੇ ਧੀ ਭੈਣ ਮਾਂ ਦੋਸਤੋ॥
————————

ਲੋਕ ਤੱਥ

ਜੱਟ ਨੂੰ ਹੈ ਸ਼ਾਹਾਂ ਦਾ ਵਿਆਜ ਮਾਰਦਾ।
ਗਰੀਬ ਨੂੰ ਮਹਿੰਗਾਈ ਵਾਲਾ ਭਾਰ ਮਾਰਦਾ॥
ਸੱਚੀਆਂ ਇਹ ਗੱਲਾਂ ਦਾ ਕਰੋ ਇਤਬਾਰ ਜੀ।
ਲਿਹਾਜ ਮਾੜੀ ਹੁੰਦੀ ਠੱਗ ਚੋਰ ਯਾਰ ਦੀ॥

ਬੰਦਾ ਮਾੜਾ ਲਾਲਚ ਜੋ ਤਿਆਗਦਾ ਨਹੀ।
ਹੱਕ ਤੇ ਹਲਾਲ ਨਾਲ ਸਾਰਦਾ ਨਹੀਂ॥
ਅੰਦਰੇ ਹੀ ਤਮਾਂ ਉਹਨੂੰ ਰਹਿੰਦੀ ਖਾਰ ਦੀ।
ਲਿਹਾਜ ਮਾੜੀ ਹੁੰਦੀ ਠੱਗ ਚੋਰ ਯਾਰ ਦੀ॥

ਤਾਅਨਾ ਨਾ ਸ਼ਰੀਕ ਦਾ ਕੋਈ ਸਹਾਰਦਾ।
ਜਿਉਂਦੇ ਜੀਅ ਜਿੰਦ ਸੂਈ ਉਤੇ ਚਾੜਦਾ॥
ਵਿੱਚੇ ਵਿੱਚ ਖੁੰਦਕ ਦੀ ਅੱਗ ਸਾੜਦੀ।
ਲਿਹਾਜ ਮਾੜੀ ਹੁੰਦੀ ਠੱਗ ਚੋਰ ਯਾਰ ਦੀ॥

ਸੱਪ ਦੇ ਬੱਚੇ ਨਾ ਕਦੇ ਪਿਆਰ ਕਰਦੇ।
ਲੱਖ ਪਿਆਓ ਦੁੱਧ ਤਾਂ ਵੀ ਵਾਰ ਕਰਦੇ॥
ਆਦਤ ਇਹ ਉਹਨਾਂ ਦੀ ਸਦਾ ਪੁਕਾਰਦੀ।
ਲਿਹਾਜ ਮਾੜੀ ਹੁੰਦੀ ਠੱਗ ਚੋਰ ਯਾਰ ਦੀ॥

ਹਊਮੇ ਦੇ ਗਰੂਰ ਵਿੱਚ ਆਈਏ ਨਾ ਕਦੇ।
ਪੁੱਤ ਧੀ ਨੂੰ ਸਾਹਮਣੇ ਸਲ੍ਹਾਹੀਏ ਨਾ ਕਦੇ॥
ਹਊਮੇ ਇਸੇ ਗੱਲ ਦੀ ਉਹਨਾਂ ਨੂੰ ਮਾਰਦੀ।
ਲਿਹਾਜ ਮਾੜੀ ਹੁੰਦੀ ਠੱਗ ਚੋਰ ਯਾਰ ਦੀ॥

ਸਿਆਣਿਆਂ ਦੀ ਗੱਲ ਦਾ ਬੁਰਾ ਮਨਾਈਂ ਨਾ।
'ਦੱਦਾਹੂਰੀਆ ਤੂੰ ਅੜੀ ਨੂੰ ਕਦੇ ਪੁਗਾਈ ਨਾ॥
ਇਕੋ ਇਕ ਮੱਤ ਇਹੇ ਬੇੜਾ ਤਾਰਦੀ।
ਲਿਹਾਜ ਮਾੜੀ ਹੁੰਦੀ ਠੱਗ ਚੋਰ ਯਾਰ ਦੀ॥
————————

ਲੋਕ ਤੱਥ

ਹੁੰਦੇ ਚੁਗਲੀ ਤੇ ਸ਼ੱਕ ਦੋਨੋਂ ਮਾੜੇ ਦੋਸਤੋ।
ਇਹ ਘਰਾਂ ਵਿੱਚ ਪਾਉਂਦੇ ਨੇ ਪੁਆੜੇ ਦੋਸਤੋ॥
ਇਨਾਂ ਕੋਲੋਂ ਦੂਰ ਸਦਾ ਰਹਿਣਾ ਚਾਹੀਦਾ।
ਮੰਗ ਕੇ ਨਹੀਂ ਪਾਉਣਾ ਕਦੇ ਗਹਿਣਾ ਚਾਹੀਦਾ॥

ਮਾੜਿਆਂ ਦੀ ਕਦੇ ਨਾ ਸੰਗਤ ਕਰੀਏ।
ਚੰਗੇ ਕੰਮ ਕਰਨੋਂ ਨਾ ਕਦੇ ਡਰੀਏ॥
ਸੱਚ ਸਦਾ ਮੂੰਹ ਉਤੇ ਕਹਿਣਾ ਚਾਹੀਦਾ।
ਮੰਗ ਕੇ ਨਹੀਂ ਪਾਉਣਾ ਕਦੇ ਗਹਿਣਾ ਚਾਹੀਦਾ॥

ਮਿਸ਼ਰੀ ਤੋਂ ਵੱਧ ਹੁੰਦੇ ਮਿੱਠੇ ਬੋਲ ਜੀ।
ਨਾ ਬਜ਼ੁਰਗਾਂ ਨੂੰ ਕਦੇ ਕਰੀਏ ਮਖੌਲ ਜੀ॥
ਸਿਆਣੀਆਂ ਗੱਲਾਂ ਦਾ ਲਾਹਾ ਲੈਣਾ ਚਾਹੀਦਾ।
ਮੰਗ ਕੇ ਨਹੀਂ ਪਾਉਣਾ ਕਦੇ ਗਹਿਣਾ ਚਾਹੀਦਾ॥

ਸੋਲਾਂ ਆਨੇ ਪੱਕੀ ਗੱਲ ਮਸ਼ਹੂਰ ਐ।
ਮੰਗਿਆ ਜੋ ਗਹਿਣਾ ਗਵਾਚਦਾ ਜਰੂਰ ਐ॥
ਨਹੀਂ ਇਹੋ ਜਿਹੇ ਝੰਜਟ ‘ਚ ਪੈਣਾ ਚਾਹੀਦਾ।
ਮੰਗ ਕੇ ਨਹੀਂ ਪਾਉਣਾ ਕਦੇ ਗਹਿਣਾ ਚਾਹੀਦਾ॥

ਜਾਤ ਪਾਤ ਦੇ ਬਖੇੜੇ ਵਿੱਚ ਕਦੇ ਪਈਏ ਨਾ।
ਐਹੋ ਜਿਹੀ ਲੜਾਈ ਕਦੇ ਮੁੱਲ ਲਈਏ ਨਾ॥
ਕਿਸੇ ਨਾਲ ਐਵੇਂ ਨਹੀਓਂ ਖਹਿਣਾ ਚਾਹੀਦਾ।
ਮੰਗ ਕੇ ਨਹੀਂ ਪਾਉਣਾ ਕਦੇ ਗਹਿਣਾ ਚਾਹੀਦਾ॥

‘ਦੱਦਾਹੂਰੀਏ’ ਦੇ ਵੀਰੋ ਸੁਣ ਲਓ ਵਿਚਾਰਾਂ ਨੂੰ।
ਗਲਤੀ ਜੋ ਹੋਈ ਕਰ ਦਿਓ ਸੁਧਾਰਾਂ ਨੂੰ॥
ਲਾਹਾ ਦੋਸਤਾਂ ਦੀ ਸੋਚ ਦਾ ਵੀ ਲੈਣਾ ਚਾਹੀਦਾ।
ਮੰਗ ਕੇ ਨਹੀਂ ਪਾਉਣਾ ਕਦੇ ਗਹਿਣਾ ਚਾਹੀਦਾ॥
————————

ਲੋਕ ਤੱਥ

ਕਦੇ ਕਿਸੇ ਧਰਮ ਨੂੰ ਮਾੜਾ ਕਹੀਏ ਨਾ।
ਮਾੜਾ ਮਾੜਾ ਕਹਿਕੇ ਜੀ ਸਵਾਦ ਲਈਏ ਨਾ॥
ਐਸੇ ਕੌਮੀ ਧਰਮ ਦੀ ਹਾਨੀ ਹੋਜੂ ਗੀ।
ਜਗ ਵਿੱਚ ਐਵੇਂ ਬਦਨਾਮੀ ਹੋਜੂ ਗੀ॥

ਇਨਸਾਨੀਅਤ ਵਾਲਾ ਮੁੱਦਾ ਖਾਸ ਰੱਖੀਏ।
ਜਾਤ ਪਾਤ ‘ਚ ਨਾ ਵਿਸਵਾਸ਼ ਰੱਖੀਏ॥
ਬਹੁਤ ਵੱਡੀ ਇਹੇ ਤਾਂ ਨਾਦਾਨੀ ਹੋਜੂ ਗੀ।
ਜੱਗ ਵਿੱਚ ਐਵੇਂ ਬਦਨਾਮੀ ਹੋਜੂ ਗੀ॥

ਮਾਨਸ ਦੀ ਜਾਤ ਇਕੋ ਹੀ ਪਛਾਣੀ ਏ।
ਸਦਾ ਸਨਮੁੱਖ ਗੁਰੂਆਂ ਦੀ ਬਾਣੀ ਜਾਣੀਏ॥
ਜੱਗੋਂ ਤੇਰਵੀਂ ਨਹੀਂ ਤਾਂ ਕਹਾਣੀ ਹੋਜੂ ਗੀ।
ਜੱਗ ਵਿੱਚ ਐਵੇਂ ਬਦਨਾਮੀ ਹੋਜੂ ਗੀ॥

ਧੰਦੇ ਨਾਲ ਜਾਤੀ ਦਾ ਸਬੰਧ ਨਾ ਕੋਈ।
ਗੁਰੂ ਘਰੇ ਐਸਾ ਪ੍ਰਬੰਧ ਨਾ ਕੋਈ॥
ਗੱਲ ਆਪੇ ਨਾ ਬਣਾਈ ਮਨਮਾਨੀ ਹੋਜੂ ਗੀ।
ਜਗ ਵਿੱਚ ਐਵੇਂ ਬਦਨਾਮੀ ਹੋਜੂ ਗੀ॥

ਜਾਤਾ ਪਾਤਾਂ ਆਪੇ ਹੀ ਬਣਾਈ ਜਾਣੈਂ।
ਨਾਵਾਂ ਨਾਲ ਸਭ ਲਿਖਵਾਈ ਜਾਣੈਂ॥
ਐਵੇਂ ਜੱਗ ਜਾਹਿਰ ਤੇਰੀ ਸ਼ੈਤਾਨੀ ਹੋਜੂ ਗੀ।
ਜਗ ਵਿੱਚ ਐਵੇਂ ਬਦਨਾਮੀ ਹੋਜੂ ਗੀ॥

ਤੈਥੋਂ ਭਾਂਵੇ ਬੰਦਿਆ ਨਾ ਜਾਣ ਜਰੀਆਂ।
ਗੱਲਾਂ ‘ਦੱਦਾਹੂਰ ਵਾਲੇ ਆਖੀਆਂ ਨੇ ਖ਼ਰੀਆਂ॥
ਪਤਾ ਨਹੀਂ ਕਦੋਂ ਓਏ ਰਵਾਨੀ ਹੋਜੂ ਗੀ।
ਜਗ ਵਿੱਚ ਐਵੇਂ ਬਦਨਾਮੀ ਹੋਜੂ ਗੀ॥
————————

ਨਾ ਜੰਮਿਆ ਨਾ ਜੰਮਣਾ

ਨਾ ਜੰਮਿਆ ਨਾ ਜੰਮਣਾ, ਵੀਰੋ ਭਗਤ ਸਿੰਘ ਜਿਹਾ ਸੂਰਾ।
ਕੋਈ ਲੱਭਿਆਂ ਲੱਭਣਾਂ ਨਹੀ, ਕਹਿਣੀ ਤੇ ਕਰਨੀ ਦਾ ਪੂਰਾ॥

ਛੋਟੇ ਹੁੰਦਿਆਂ ਧਾਰ ਲਈ, ਸੀ ਕਰਨੀ ਦੇਸ਼ ਲਈ ਕੁਰਬਾਨੀ।
ਜੇ ਸਮਾਂ ਗਵਾ ਲਿਆ ਤਾਂ, ਆਉਣੀ ਕਿਹੜੇ ਕੰਮ ਜਵਾਨੀ॥
ਕਿਹੜਾ ਨਿੱਤ-ਨਿੱਤ ਜੰਮਣਾ ਐਂ, ਸੁਪਨਾ ਰਹਿ ਨਾ ਜਾਏ ਅਧੂਰਾ..
ਨਾ ਜੰਮਿਆ ਨਾ ਜੰਮਣਾ..

ਸੁਖਦੇਵ ਤੇ ਰਾਜਗੁਰੂ, ਵੀ ਉਸ ਜੋਟੀਦਾਰ ਬਣਾ ਲਏ।
ਕਰ ਪਰਖ ਹੀਰਿਆਂ ਦੀ, ਦੋ ਸੂਰਮੇ ਨਾਲ ਰਲਾ ਲਏ॥
ਦੇਸ਼ੋਂ ਕੱਢਣਾਂ ਗੋਰਿਆਂ ਨੂੰ, ਪਾਕੇ ਜੜ੍ਹਾਂ 'ਚ ਅੱਕ ਧਤੂਰਾ..
ਨਾ ਜੰਮਿਆ ਨਾ ਜੰਮਣਾ..

ਤੇਰੀ ਈਨ ਨੂੰ ਮੰਨਣਾ ਨਹੀ, ਫਰੰਗੀਆ ਦੇਸ਼ ਅਜਾਦ ਕਰਾਉਣਾਂ।
ਚਲਾ ਲਈਆਂ ਚੰਮ ਦੀਆਂ, ਹੁਣ ਤੈਨੂੰ ਦੇਸ਼ੋਂ ਕੱਢ ਵਿਖਾਉਣਾਂ॥
ਭਾਰਤ ਮਾਂ ਦੀ ਵ੍ਹੀਣੀ 'ਚੋਂ, ਨਾ ਲਹਿਜੇ ਸ਼ਗਨਾਂ ਵਾਲਾ ਚੂੜਾ..
ਨਾ ਜੰਮਿਆ ਨਾ ਜੰਮਣਾ..

ਜਦੋਂ ਗਰਜਿਆ ਸੂਰਮਾ ਸੀ, ਲਾਕੇ ਇਨਕਲਾਬ ਦਾ ਨਾਅਰਾ।
ਸੁੱਟ ਬੰਬ ਅਸੈਂਬਲੀ 'ਚ, ਉਸਨੇ ਕੀਤਾ ਕੰਮ ਨਿਆਰਾ॥
ਫਰੰਗੀ ਦੀਆਂ ਸੱਧਰਾਂ ਦਾ, ਕਰਤਾ ਭਗਤ ਸਿਉਂ ਨੇ ਚੂਰਾ..
ਨਾ ਜੰਮਿਆ ਨਾ ਜੰਮਣਾ..

ਅੱਜ ਤੋਂ 68 ਸਾਲ ਪਹਿਲਾਂ, ਤੂੰ ਸੁੱਤੀ ਜਨਤਾ ਹਲੂਣ ਜਗਾਈ।
ਤੇਰੇ ਜਨਮ ਦਿਹਾੜੇ ਤੇ, ਭਗਤ ਸਿਆਂ ਸਜਦਾ ਕਰੇ ਲੁਕਾਈ॥
ਅੱਜ ਲੋੜ ਹੈ ਕੱਢਣੇ ਦੀ, ਸਾਨੂੰ ਰਲ ਮਿਲ ਦੇਸ਼ ਚੋਂ ਕੂੜਾ..
ਨਾ ਜੰਮਿਆ ਨਾ ਜੰਮਣਾ..

ਜੋ ਤੇਰੀਆਂ ਸੋਚਾਂ ਸੀ, ਸਾਰੀਆਂ ਅਧਵਾਟੇ ਹੀ ਰਹੀਆਂ।
ਦੱਦਾਹੂਰੀਏ ਸ਼ਰਮੇ ਨੇ, ਨਾਲ ਉਹੋ ਕਲਮ ਨਾਲ ਕਹੀਆਂ॥
ਨਹੀਂ ਤੇਰੀਆਂ ਸੱਧਰਾਂ ਨੂੰ, ਅੱਜ ਤੱਕ ਪਿਆ ਆਸਾਂ ਦਾ ਬੂਰਾ..
ਨਾ ਜੰਮਿਆ ਨਾ ਜੰਮਣਾ, ਵੀਰੋ ਭਗਤ ਸਿੰਘ ਜਿਹਾ ਸੂਰਾ..
————————

ਧੀਆਂ ਪੁੱਤ ਬਣ ਦੁੱਖੜੇ ਵੰਡਾਉਂਦੀਆਂ

ਉੱਚੇ ਮਹਿਲ ਅਤੇ ਕੋਠੀਆਂ ਬਣਾ ਕੇ, ਤੂੰ ਮਾੜੀ ਰੱਖੇਂ ਸੋਚ ਬੰਦਿਆ।
ਕਿਉਂ ਪੁੱਤਰਾਂ ਦੀ ਭਾਲ ਵਿੱਚ ਧੀਆਂ ਨੂੰ, ਕੁੱਖਾਂ 'ਚ ਰਿਹਾ ਨੋਚ ਬੰਦਿਆ॥

ਨੀਹਾਂ ਆਪਣੀਆਂ ਖੋਖਲੀਆਂ ਕਰਦਾ, ਤੇ ਮਹਿਲਾਂ ਦੀਆਂ ਪੱਕੀਆਂ ਕਰੇਂ।
ਪੁੱਤ ਭਾਲਦੈਂ ਸੰਗਲ ਖੂਹੀ ਪਾ ਕੇ, ਤੂੰ ਧੀਆਂ ਕੋਲੋਂ ਕਾਸਤੋਂ ਡਰੇਂ॥
ਜਿੱਥੇ ਮਿਲਣ ਦੀ ਪੁੱਤ ਦੱਸ ਪੈਂਦੀ ਐ, ਉੱਥੇ ਹੀ ਜਾਣੈਂ ਪਹੁੰਚ ਬੰਦਿਆ..

ਧੀ ਦੀ ਸੋਚ ਨੂੰ ਸਲਾਮ ਪਿਆ ਕਰਦੈ, ਤੂੰ ਵੇਖ ਲੈ ਸਾਰਾ ਜਹਾਨ ਹੈ।
ਜਿਥੇ ਕਲਪਨਾ ਵਰਗੀ ਧੀ ਜੰਮ ਪਏ, ਪੁੱਤਾਂ ਨਾਲੋਂ ਵੱਧ ਮਾਨ ਹੈ॥
ਡੁੱਲ੍ਹੇ ਬੇਰਾਂ ਦਾ ਵਿਗੜਿਆ ਕੁਝ ਨਹੀਂ, ਹਾਲੇ ਵੀ ਕਰ ਹੋਸ਼ ਬੰਦਿਆ..

ਕਿਹੜੇ ਖੇਤਰ 'ਚ ਪਿੱਛੇ ਦੱਸ ਪੁੱਤਾਂ ਤੋਂ, ਤੇ ਕਿੱਥੇ ਨਹੀਂ ਚੜ੍ਹਾਈ ਇਨ੍ਹਾਂ ਦੀ।
ਮਾਤ ਮੁੰਡਿਆਂ ਨੂੰ ਹਰ ਪਾਸੇ ਪਾਉਂਦੀਆਂ, ਤੇ ਅੱਗੇ ਹੈ ਪੜ੍ਹਾਈ ਇਨ੍ਹਾਂ ਦੀ॥
ਹੱਥੀ ਧੀਆਂ ਨੂੰ ਦਫ਼ਨ ਕਾਹਤੋਂ ਕਰਕੇ, ਪੁੱਤਾਂ ਨੂੰ ਰਿਹੈ ਲੋਚ ਬੰਦਿਆ..

ਅੱਜਕੱਲ੍ਹ ਹੈ ਰੁਝਾਨ ਐਸਾ ਚੱਲਿਆ, ਕਿ ਪੁੱਤ ਬਾਹਰ ਤੁਰ ਜਾਂਦੇ ਨੇ।
ਡੱਕਾ ਭੰਨ ਕੇ ਦੂਹਰਾ ਨਾ ਕਦੇ ਕਰਦੇ, ਜਾ ਨਸ਼ਿਆਂ 'ਚ ਰੁੜ ਜਾਂਦੇ ਨੇ॥
ਤੇਰਾ ਰੁਲਜੂ ਬੁਢਾਪਾ ਬੁੱਢੇ ਵਾਰੇ, ਤੇ ਹੋਊ ਅਫ਼ਸੋਸ ਬੰਦਿਆ..

ਧੀਆਂ ਪੁੱਤ ਬਣ ਦੁੱਖੜੇ ਵੰਡਾਉਂਦੀਆਂ, ਜ਼ਮਾਨੇ ਦੀ ਹੈ ਚਾਲ ਬਦਲੀ।
ਧੀ ਪੁੱਤ ਵਿੱਚ ਫ਼ਰਕ ਨਾ ਕੋਈ, ਹੈ ਸਮੇਂ ਨੇ ਨੁਹਾਰ ਬਦਲੀ॥
'ਦੱਦਾਹੂਰੀਏ' ਦੀ ਮੰਨ ਲਵੀਂ ਬੇਨਤੀ, ਹੋਵੀਂ ਨਾ ਮਦਹੋਸ਼ ਬੰਦਿਆ..
ਉੱਚੇ ਮਹਿਲ ਅਤੇ ਕੋਠੀਆਂ ਬਣਾਕੇ, ਤੂੰ ਮਾੜੀ ਰੱਖੇ ਸੋਚ ਬੰਦਿਆ..
————————

ਹੱਦਾਂ ਤੇ ਸਰਹੱਦਾਂ ਆਪਾਂ ਆਪ ਬਣਾਈਆਂ ਨੇ

ਗਵਾਂਢੀ ਦੇਸ਼ ਹੈ ਧੋਖੇਬਾਜ ਬੜਾ, ਧੋਖਾ ਹੀ ਕਮਾਉਣਾ ਚਾਹੁੰਦਾ ਹੈ,
ਬਈ ਜਾਗਦੇ ਰਹਿਣਾ..
ਕਸ਼ਮੀਰ ਦੀ ਧਰਤੀ ਉਤੇ ਹੁਣ ਪੈਰ ਟਿਕਾਉਣਾ ਚਾਹੁੰਦਾ ਹੈ,
ਬਈ ਜਾਗਦੇ ਰਹਿਣਾ..

ਫਿਰ ਜਾਂਦਾ ਹੈ ਖਾਕੇ ਕਸਮਾਂ ਉਹੋ ਕੁਰਾਨ ਦੀਆਂ।
ਭਾਈ ਭਾਈ ਕਹਿਕੇ ਗੱਲਾਂ ਦਿਲੋਂ ਨਿਭਾਣ ਦੀਆਂ॥
ਹਾਮੀ ਭਰਕੇ ਅਮਨ ਦੀ ਉਹ ਵਡਿਆਉਣਾ ਚਾਹੁੰਦਾ ਹੈ,
ਬਈ ਜਾਗਦੇ...
ਹਰ ਚੌਂਕੀ ਦੇ ਉਤੇ ਪਹਿਲਾਂ ਹਮਲਾ ਕਰਦਾ ਹੈ।
ਛੇੜ ਕੇ ਖੱਖਰ ਭੂੰਡਾਂ ਦੀ ਫਿਰ ਹਾੜ੍ਹੇ ਕੱਢਦਾ ਹੈ॥
ਲਾਲ ਕਿਲੇ ਤੇ ਝੰਡਾ ਆਪ ਝੁਲਾਉਣਾ ਚਾਹੁੰਦਾ ਹੈ,
ਬਈ ਜਾਗਦੇ...
ਭੇਜ ਦੇ ਨਸ਼ਾ ਜਵਾਨੀਆਂ ਥੋਕ 'ਚ ਗਾਲੀ ਜਾਂਦਾ ਹੈ।
ਦਿਲੋਂ ਗਵਾਂਢੀ ਹੋਣ ਦਾ ਫ਼ਰਜ ਉਹ ਪਾਲੀ ਜਾਂਦਾ ਹੈ॥
ਆਪੋ ਵਿੱਚ ਹੀ ਆਪਾਂ ਨੂੰ ਲੜਵਾਉਣਾ ਚਾਹੁੰਦਾ ਹੈ,
ਬਈ ਜਾਗਦੇ...
ਮੁਸਲਮਾਨ ਦਾ ਨਹੀਂ ਇਤਬਾਰ ਸਾਨੂੰ ਗੁਰੂਆਂ ਆਖਿਆ ਸੀ।
ਇਤਹਾਸ ਹੈ ਸਾਡਾ ਦੱਸਦਾ, ਉਨ੍ਹਾਂ ਮੁੱਖ 'ਚੋਂ ਭਾਖਿਆ ਸੀ॥
ਸੁੱਤੀਆਂ ਕਲਾਂ ਆਪੇ ਫ਼ਿਰ ਜਗਾਉਣਾ ਚਾਹੁੰਦਾ ਹੈ,
ਬਈ ਜਾਗਦੇ...
ਹੱਦਾਂ ਤੇ ਸਰਹੱਦਾਂ ਆਪਾਂ ਆਪ ਬਣਾਈਆਂ ਨੇ।
ਇਹ ਲੀਕਾਂ ਉਪਰ ਵਾਲੇ ਨੇ ਨਹੀਂ, ਆਪੇ ਵਾਹੀਆਂ ਨੇ॥
ਬੀਜ ਨਫ਼ਰਤ ਵਾਲੇ ਦਿਲਾਂ ਦੇ ਵਿੱਚ ਉਗਾਉਣੇ ਚਾਹੁੰਦਾ ਹੈ,
ਬਈ ਜਾਗਦੇ...
ਹੋ ਚੁਕੰਨੇ ਰਹਿਣਾ ਬੇਨਤੀ ਦੱਦਾਹੂਰੀਏ ਦੀ।
ਨਾ ਜੁਲਮ ਕਰਨਾ ਤੇ ਨਾ ਸਹਿਣਾ ਬੇਨਤੀ 'ਦੱਦਾਹੂਰੀਏ' ਦੀ॥
ਹੱਕ ਸੱਚ ਦੀ ਆਵਾਜ਼ ਨੂੰ ਉਹੋ ਦਬਾਉਣਾ ਚਾਹੁੰਦਾ ਹੈ,
ਬਈ ਜਾਗਦੇ ਰਹਿਣਾ...

————————————

ਨਸ਼ਿਆਂ ਵੱਲੋਂ ਮੂੰਹ ਭਵਾਲੋ

ਬੰਦੇ ਬਚ ਜਾਹ ਨਸ਼ਿਆਂ ਤੋਂ, ਹਰ ਇਕ ਨਸ਼ਾ ਹੈ ਤੇਰਾ ਵੈਰੀ।
ਕਰ ਤਿਆਗ ਨੂੰ ਇਨ੍ਹਾਂ ਦਾ, ਜਿਹੜੀ ਕੌਹੜ੍ਹ ਅਲਾਮਤ ਸਹੇੜੀ॥
ਪਾ ਕੇ ਜਨਮ ਮਨੁੱਖ ਦਾ ਤੂੰ, ਕਾਸਤੋਂ ਪਸ਼ੂਆਂ ਵਾਗੂੰ ਜਿਉਣੈਂ।
ਕੰਚਨ ਵਰਗੀ ਦੇਹੀ ਨੂੰ, ਦੱਸ ਕਿਉਂ ਮਿੱਟੀ ਵਿੱਚ ਮਿਲਾਉਣੈਂ॥
ਇਸ ਰੰਗਲੀ ਦੁਨੀਆਂ ਤੇ ਬੰਦਿਆਂ ਜੋਗੀ ਵਾਲੀ ਫੇਰੀ..
ਬੰਦੇ ਬਚ ਜਾਹ ਨਸ਼ਿਆਂ ਤੋਂ...
ਤੈਨੂੰ ਮਰਨ ਵੀ ਨਹੀ ਦੇਣਾ, ਨਸ਼ਿਆਂ ਨੇ ਰਹਿਣ ਨਹੀਂ ਦੇਣਾ ਜਿਉਂਦੇ।
ਜਿਉਂਦੇ ਜੀਅ ਟੱਬਰ ਨੂੰ, ਨਸ਼ੇ ਨੇ ਬਿਪਤਾ ਦੇ ਵਿੱਚ ਪਾਉਂਦੇ॥
ਗੱਲ ਸੌ ਦੀ ਇਕੋ ਹੀ ਐ, ਬੰਦਿਆ ਸੈਨਤ ਇਕ ਬਥੇਰੀ..
ਬੰਦੇ ਬਚ ਜਾਹ ਨਸ਼ਿਆਂ ਤੋਂ...
ਜੇ ਚੰਗਾ ਰਹਿਣਾ ਹੈ, ਨਸ਼ਿਆਂ ਵੱਲੋਂ ਮੂੰਹ ਨੂੰ ਭਵਾ ਲੈ।
ਕਰਕੇ ਨੇਕ ਕਮਾਈ ਤੂੰ, ਥੋੜਾ ਦਾਨ ਪੁੰਨ ਤੇ ਲਾ ਲੈ॥
ਗੱਲ ਚਾਲੀ ਸੇਰੀ ਹੈ, ਹੋ ਜਾਊ ਸਫ਼ਲ ਜਿੰਦਗੀ ਤੇਰੀ..
ਬੰਦੇ ਬਚ ਜਾਹ ਨਸ਼ਿਆਂ ਤੋਂ...
ਨਸ਼ਾ ਨਾਮ ਦਾ ਕਰਲੈ ਤੂੰ, ਵੀਰਨਾ ਜ਼ਿੰਦਗੀ ਦਾ ਜੋ ਗਹਿਣਾ।
ਜਿਹੜਾ ਕਦੇ ਵੀ ਉਤਰੇ ਨਾ, ਵੇਦ ਗ੍ਰੰਥਾਂ ਦਾ ਇਹ ਕਹਿਣਾ॥
ਨੇਕੀ ਖੱਟ ਲੈ ਜੱਗ ਵਿੱਚੋਂ, ਹੋਣਾ ਅੰਤ ਮਿੱਟੀ ਦੀ ਢੇਰੀ..
ਬੰਦੇ ਬਚ ਜਾਹ ਨਸ਼ਿਆਂ ਤੋਂ...
ਦਸਾਂ ਨਹੁੰਆਂ ਦੀ ਕਮਾਈ ਨੂੰ, ਚੰਗੇ ਕੰਮਾਂ ਦੇ ਉੱਤੇ ਲਗਾ ਤੂੰ।
ਬੰਦੇ ਬਚ ਕੇ ਨਸ਼ਿਆਂ ਤੋਂ, ਬੱਚਿਆਂ ਨੂੰ ਵੀ ਖੂਬ ਪੜ੍ਹਾ ਤੂੰ॥
ਮਾਲਿਕ ਪਾਰ ਲਗਾ ਦਿੰਦਾ, ਨਾ ਕੀਤੀ ਜਿੰਨ੍ਹਾਂ ਨੇ ਹੇਰਾ ਫ਼ੇਰੀ..
ਬੰਦੇ ਬਚ ਜਾਹ ਨਸ਼ਿਆਂ ਤੋਂ...
ਨਸ਼ੇ ਛੱਡੋ ਕੌਹੜ ਕੱਢੋ, ਵੀਰੋ ਥਾਂ ਥਾਂ ਤੇ ਲਿਖਵਾਇਆ।
ਇਹ ਆਉਂਦੇ ਕਿੱਥੋਂ ਨੇ, ਇਹਦਾ ਭੇਦ ਨਾ ਕਿਸੇ ਨੇ ਪਾਇਆ॥
ਮੌਤ ਦੀ ਫੈਕਟਰੀ ਬੰਦ ਹੋਜੇ, ਸਰਕਾਰ ਨੂੰ ਇਕੋ ਬੇਨਤੀ ਮੇਰੀ..
ਬੰਦੇ ਬਚ ਜਾਹ ਨਸ਼ਿਆਂ ਤੋਂ...
ਨਾ ਮਰਕੇ ਵੀ ਮਰਦੇ, ਜਿੰਨ੍ਹਾਂ ਨੇ ਮਾਲਕ ਨਾਲ ਲਗਾਈਆਂ।
ਹੋ ਅਮਰ ਉਹ ਜਾਂਦੇ ਨੇ, ਜਿੰਨ੍ਹਾਂ ਨੇ ਕੀਤੀਆਂ ਨੇਕ ਕਮਾਈਆਂ॥
'ਦੱਦਾਹੂਰੀਏ' ਦੀ ਮੰਨ ਲੈ ਤੂੰ ਥੋੜੀ ਕਰਕੇ ਵੇਖ ਦਲੇਰੀ..
ਬੰਦੇ ਬਚ ਜਾਹ ਨਸ਼ਿਆਂ ਤੋਂ, ਹਰ ਇਕ ਨਸ਼ਾ ਹੈ ਤੇਰਾ ਵੈਰੀ।

——————————

ਸ਼ੁਕਰਾਨਾ ਕਰਨਾ ਕਦੇ ਨਾ ਭੁੱਲੀਂ

ਐਸੇ ਕਰਮ ਤੂੰ ਕਰਜਾ ਬੰਦੇ, ਤੈਨੂੰ ਕਰੇ ਲੁਕਾਈ ਯਾਦ।
ਹਰੇਕ ਦੇ ਦਿਲ ਵਿੱਚ ਵਸ ਜਾਵੇਂ, ਕਰ ਡਾਢੇ ਨੂੰ ਫ਼ਰਿਆਦ॥
ਕਮਾਈ ਕਰਕੇ ਹੱਕ ਸੱਚ ਦੀ, ਕਬੀਲਦਾਰੀ 'ਚ ਲਾਵੀਂ।
ਮੋਹ ਮਾਇਆ ਦੇ ਚੱਕਰਾਂ 'ਚ, ਬੰਦਿਆ ਨਾ ਫਸ ਜਾਵੀਂ॥
ਦਸਾਂ ਨਹੁੰਆਂ ਦੀ ਕਿਰਤ ਵਿੱਚੋਂ, ਕਰੀਂ ਗਊ ਗਰੀਬ ਦੀ ਰਾਖੀ।
ਵੇਦ ਗਰੰਥਾਂ ਗੁਰੂਆਂ ਪੀਰਾਂ ਫਕੀਰਾਂ, ਗੱਲ ਇਹੀ ਹੈ ਆਖੀ॥
ਭੁੱਲ ਕੇ ਨਾ ਤੂੰ ਕਦੇ ਵੀ ਬੰਦਿਆ, ਨਸ਼ਿਆਂ ਨੂੰ ਹੱਥ ਲਾਵੀਂ।
ਭੈੜੀ ਇਸ ਅਲਾਮਤ ਤੋਂ, ਤੂੰ ਆਪਣਾ ਆਪ ਬਚਾਵੀਂ॥
ਭਰੂਣ ਹੱਤਿਆ ਕਰ ਨਾ ਬੈਠੀਂ, ਦੁਨੀਆਂ ਤੇ ਨਾ ਰਹਿਣਾ ਨਹੀਂ।
ਦਾਗੀ ਜੇਕਰ ਦਾਮਨ ਹੋ ਗਿਆ, ਦਾਗ ਕਦੇ ਫ਼ਿਰ ਲਹਿਣਾ ਨਹੀਂ॥
ਦਸਵਾਂ ਦਸੌਂਧ ਕੱਢ ਗਰਜ਼ਵੰਦ ਦੀ, ਗਰਜ ਕਰੀਂ ਤੂੰ ਪੂਰੀ।
ਓਸ ਮਾਲਿਕ ਦੇ ਘਰੇ ਕੋਈ ਤੇਰੀ ਨਹੀਂ, ਰਹਿਣੀ ਆਸ ਅਧੂਰੀ॥
ਪਰਮ ਪਿਤਾ ਪ੍ਰਮਾਤਮਾ, ਨੂੰ ਕਦੇ ਵੀ ਦਿਲੋਂ ਭੁਲਾਵੀਂ ਨਾ।
ਫੋਕੀ ਸ਼ੋਹਰਤ ਮੋਹ ਮਾਇਆ ਤੇ, ਬੰਦਿਆ ਚਿੱਤ ਡੁਲਾਵੀਂ ਨਾ॥
ਸ਼ੁਕਰਾਨਾ ਕਰਨਾ ਭੁੱਲ ਨਾ ਜਾਵੀਂ, ਬੰਦਿਆ ਤੂੰ ਓਸ ਮਾਲਿਕ ਦਾ।
ਭੈਅ ਰੱਖੀਂ ਤੂੰ 'ਦੱਦਾਹੂਰੀਆ, ਦਿਲ ਵਿੱਚ ਓਸ ਪ੍ਰਿਤਪਾਲਕ ਦਾ॥
————————————

ਮੂੰਹ ਵਿੱਚ ਰਾਮ ਬਗਲ ਵਿੱਚ ਛੁਰੀਆਂ

ਕੁਦਰਤ ਦੇ ਨਾਲ ਆਢਾ ਲਾ ਕੇ, ਨਾ ਜ਼ੋਰ ਅਜਮਾਈ ਕਰਿਆ ਕਰ।
ਵੱਢ ਕੇ ਜੰਗਲ ਬੇਲੇ ਪਹਾੜ ਤੂੰ, ਨਾ ਅਣ ਆਈ ਮੌਤ ਮਰਿਆ ਕਰ॥
ਲੁਕਾਈ ਨੂੰ ਡੂੰਘੇ ਦੁੱਖ ਦੇਣ ਤੋਂ, ਬੰਦਿਆ ਸਦਾ ਹੀ ਡਰਿਆ ਕਰ।
ਨਾ ਮੌਤ ਨੂੰ ਉਕਸਾ ਕੇ ਐਵੇਂ, ਜਾਨ ਤਲੀ ਤੇ ਧਰਿਆ ਕਰ॥
ਪੌਦੇ ਨਵੇਂ ਜੇ ਲਾ ਨਹੀਂ ਸਕਦਾ, ਨਾ ਪਹਿਲਾਂ ਵਾਲੇ ਵੱਢਿਆ ਕਰ।
ਸੁਖ ਜੇ ਕਿਸੇ ਨੂੰ ਦੇ ਨਹੀਂ ਸਕਦਾ, ਨਾ ਦੁੱਖ ਲਈ ਝੋਲੀ ਅੱਡਿਆ ਕਰ॥
ਦੁਨੀਆਂ ਤੇ ਚੰਗਿਆਈਆਂ ਛੱਡਜਾ, ਨਾ ਬੁਰਿਆਈਆਂ ਛੱਡਿਆ ਕਰ।
ਕਿਸੇ ਦੇ ਸੁਖ ਦੇਖਕੇ ਬੰਦਿਆ, ਐਵੇਂ ਅੱਖਾਂ ਨਾ ਟੱਡਿਆ ਕਰ॥
ਪਸ਼ੂ ਪੰਛੀਆਂ ਦੇ ਘਰਾਂ ਨੂੰ ਕਦੇ ਵੀ ਹੱਥੀਂ ਨਾ ਉਜਾੜਿਆ ਕਰ।
ਵੱਢ ਕੇ ਦਰੱਖਤ ਤੂੰ ਵੱਡੇ ਵੱਡੇ, ਨਾ ਹੱਥੀਂ ਉਨ੍ਹਾਂ ਨੂੰ ਪਾੜਿਆ ਕਰ॥
ਪ੍ਰਦੂਸ਼ਣ ਦੇ ਵਿੱਚ ਵਾਧਾ ਹੁੰਦਾ, ਭੁੱਲ ਕੇ ਕਦੇ ਨਾ ਸਾੜਿਆ ਕਰ।
ਕੁਦਰਤ ਦੇ ਬਣਾਇਆ ਕਾਨੂੰਨ, ਨਾ ਤੂੰ ਕਦੇ ਵਿਗਾੜਿਆ ਕਰ॥
ਧਾਰਮਿਕ ਸਥਾਨਾਂ ਉੱਤੇ ਜਾਕੇ, ਨਾ ਬੰਦਿਆ ਪਾਪ ਕਮਾਇਆ ਕਰ।
ਪਹਿਲੇ ਜੇ ਉਤਾਰ ਨਹੀਂ ਸਕਦਾ, ਨਾ ਉੱਥੋਂ ਹੋਰ ਚੜ੍ਹਾਇਆ ਕਰ॥
ਨੇਹਚਾ ਨਾਲ ਜੇ ਜਾਵੇਂ ਉੱਥੇ, ਤਾਂ ਨਿਉਂਕੇ ਸੀਨ ਝੁਕਾਇਆ ਕਰ।
ਜੇਕਰ ਨੀਤ ਸਾਫ਼ ਨਹੀਂ ਤੇਰੀ, ਨਾ ਬਿਲਕੁਲ ਉਥੇ ਜਾਇਆ ਕਰ॥
ਮੂੰਹ ਵਿੱਚ ਰਾਮ ਬਗਲ ਵਿੱਚ ਛੁਰੀਆਂ, ਨਾ ਕਿਸੇ ਤੇ ਚਲਾਇਆ ਕਰ।
ਹੱਕ ਨਾ ਕਿਸੇ ਦਾ ਖੋਹ ਕੇ ਖਾਵੀਂ, ਆਪਣੇ ਹੱਕ ਦਾ ਖਾਇਆ ਕਰ॥
ਗਊ ਗਰੀਬ ਦੇ ਉੱਤੇ ਭਾਈ, ਸਦਾ ਹੀ ਤਰਸ ਕਮਾਇਆ ਕਰ।
ਤਰਸ ਨਹੀਓਂ ਜੇ ਕਰ ਸਕਦਾ, ਨਾ ਜੁਲਮ ਲਈ ਉਕਸਾਇਆ ਕਰ॥
ਦਸਾਂ ਨਹੁੰਆਂ ਦੀ ਕਿਰਤ ਦੇ ਵਿੱਚੋਂ, ਪਰਮਾਰਥ ਵਿੱਚ ਵੀ ਲਾਇਆ ਕਰ।
ਬੇ-ਜੁਬਾਨਿਆਂ ਉੱਤੇ ਨਾ ਤੂੰ ਕਦੇ ਵੀ ਜੁਲਮ ਕਮਾਇਆ ਕਰ॥
ਕਰੀ ਤੂੰ ਕੰਮ ਭਲਾਈ ਵਾਲੇ, ਨਾਲੇ ਹੋਰਾਂ ਨੂੰ ਸਮਝਾਇਆ ਕਰ।
'ਸ਼ਰਮੇ ਦੱਦਾਹੂਰੀਏ' ਨੂੰ ਵੀ ਆਪਣੇ ਨਾਲ ਰਲਾਇਆ ਕਰ॥
——————————

ਉਹਨੂੰ ਆਖ਼ਣ ਸਭ ਲਿਖ਼ਾਰੀ ਜੀ

ਰਹੇ ਸੋਝੀ ਨਾ ਕੁਝ ਭੁੱਲਣ ਦੀ, ਤੇ ਗੱਲਾਂ ਗੱਲਾਂ ਵਿੱਚ ਖੁੱਲ੍ਹਣ ਦੀ,
ਜੀਹਨੂੰ ਆਦਤ ਪੈ ਜੇ ਭੁੱਲਣ ਦੀ, ਉਹਨੂੰ ਆਖ਼ਣ ਸਭ ਲਿਖਾਰੀ ਜੀ।
ਰਹੇ ਫ਼ਿਕਰ ਨਾ ਗਲੀਏ ਰੁਲਣ ਦੀ, ਤੇ ਹਰ ਇਕ ਨਾਲ ਘੁਲਣ ਦੀ,
ਲੋਕਾਂ ਦੇ ਦੁੱਖ ਸੁਨਣ ਦੀ, ਉਹਨੂੰ.....

ਜੋ ਪੜ੍ਹਦਾ ਰਹੇ ਜਾਂ ਲਿਖਦਾ ਰਹੇ, ਹਰ ਇਕ ਤੋਂ ਹੀ ਕੁਝ ਸਿੱਖਦਾ ਰਹੇ,
ਜੋ ਖੁਸ਼ ਲੁਕਾਈ ਨੂੰ ਦਿਸਦਾ ਰਹੇ, ਉਹਨੂੰ.....
ਨਾ ਦੁਨੀਆਂਦਾਰੀ 'ਚ ਪਿਸਦਾ ਰਹੇ, ਕਰਦਾ ਮਾਲਿਕ ਨੂੰ ਸਦਾ ਸਿਜਦਾ ਰਹੇ,
ਹਰ ਦੁੱਖ ਨੂੰ ਪੈਰੀਂ ਮਿਧਦਾ ਰਹੇ, ਉਹਨੂੰ.....

ਕਲਮ ਨੂੰ ਹਥਿਆਰ ਬਣਾਏ ਜੋ, ਨਿਤ ਨਵੇਂ ਪੂਰਨੇ ਪਾਵੇ ਜੋ,
ਤੇ ਹਰ ਕਿਸੇ ਦੇ ਕੰਮ ਆਵੇ ਜੋ, ਉਹਨੂੰ.....
ਨਾਲ ਸਭ ਦੇ ਦੁੱਖ ਵੰਡਾਵੇ ਜੋ, ਲੋਕ ਲਹਿਰ ਵੀ ਲਿਆਵੇ ਜੋ,
ਮਿਆਰੀ ਲਿਖਤਾਂ ਲਿਖ ਛਪਵਾਵੇ ਜੋ, ਉਹਨੂੰ.....

ਜੋ ਆਲੇ ਦੁਆਲੇ ਦੀਆਂ ਘਟਨਾਵਾਂ ਨੂੰ, ਪਰੋਵੇਂ ਕਵਿਤਾ ਵਿੱਚ ਰਚਨਾਵਾਂ ਨੂੰ,
ਲਿਖੇ ਕੁਦਰਤ ਦੀਆਂ ਆਫਤਾਵਾਂ ਨੂੰ, ਉਹਨੂੰ.....
ਜਿਹੜਾ ਨਵੀਆਂ ਲੱਭ ਕੇ ਰਾਹਵਾਂ ਨੂੰ, ਲਵੇ ਲੋਕਾਂ ਦੀਆਂ ਦੁਆਵਾਂ ਨੂੰ,
ਮੰਨੇ ਚਹੇਤਿਆਂ ਦੀਆਂ ਸਲ੍ਹਾਹਵਾਂ ਨੂੰ, ਉਹਨੂੰ.....

ਜੀਹਦਾ ਸਦਾ ਮਹਿਕਦਾ ਰਹੇ ਵਿਹੜਾ, ਕਰੇ ਕਿਸੇ ਗੱਲ ਤੇ ਨਾ ਝੇੜਾ,
ਸਿਰ ਬੱਝੇ ਖੁਸ਼ੀਆਂ ਦਾ ਸਿਹਰਾ, ਉਹਨੂੰ ਆਖ਼ਣ.....
ਦੱਦਾਹੂਰੀਆ ਦਿਲਾਂ 'ਚ ਬਣਾਏ ਥਾਂ ਜਿਹੜਾ, ਪੰਜਾਬੀ ਬੋਲੀ ਨੂੰ ਸਮਝੇ ਮਾਂ ਜਿਹੜਾ,
ਗਵਾਏ ਕਦੇ ਨਾ ਸਮਾਂ ਜਿਹੜਾ, ਉਹਨੂੰ .....
————————

ਜਾਗੋ ਦੇਸ਼ ਦੇ ਸਿਆਸਤਦਾਨੋ

ਅੱਜ ਵੀ ਲੋਕੀ ਥੱਲੇ ਸੌਂਦੇ, ਤੇ ਅੱਜ ਵੀ ਲੀੜੇ ਪਾਟੇ।
ਅੱਜ ਵੀ ਦੇਸ਼ ਦੀ ਜੰਤਾ ਦੇ ਸੁਪਨੇ ਟੁਟ ਗਏ ਅਧਵਾਟੇ॥
ਅੱਜ ਵੀ ਨਾ ਲੱਭੇ ਪੀਣ ਲਈ ਪਾਣੀ, ਨਾ ਹੀ ਲੱਭੇ ਲਹਾਉਣ ਲਈ।
ਮਿਲਦਾ ਹੈ ਜੋ ਸ਼ੋਰੇ ਵਾਲਾ, ਪਿੰਡੇ ਤੇ ਧੱਫੜ ਪਵਾਉਣ ਲਈ॥
ਸੁਪਨੇ ਕੁੱਲੀ ਗੁੱਲੀ ਜੁੱਲੀ ਦੇ ਜੋ ਅਜੇ ਪੂਰੇ ਨਾ ਹੋਏ।
ਭੁੱਖੀ ਪਿਆਸੀ ਜੰਤਾ ਅੱਜ ਵੀ ਫੁਟਪਾਥਾਂ ਤੇ ਸੌਂਏ॥
ਭਵਿੱਖ ਮੇਰੇ ਦੇਸ਼ ਦਾ ਅੱਜ ਵੀ, ਰੁਲਦਾ ਫਿਰਦਾ ਸੜ੍ਹਕਾਂ ਤੇ।
ਕਿਵੇਂ ਕਰੀਏ ਯਕੀਨ ਦੱਸੋ, ਤਰੱਕੀ ਦੀਆਂ ਮਾਰੀਆਂ ਬੜ੍ਹਕਾਂ ਤੇ॥
ਸੜ੍ਹਕਾਂ ਉੱਤੇ ਰੋੜੀ ਕੁੱਟਦੇ, ਭਵਿੱਖ ਕੱਲ ਦੇ ਤੇ ਅੱਜ ਦੇ ਬੱਚੇ।
ਐਵੇਂ ਉਤਲੇ ਮਨੋਂ ਹੀ ਕਹੀ ਜਾਈਏ, ਬੱਚੇ ਮਨ ਦੇ ਸੱਚੇ॥
70 ਸਾਲ ਹੈ ਬੀਤੇ ਪੂਰੇ, ਪਰ ਅਸੀ ਅਜ਼ਾਦ ਨਾ ਹੋਏ।
ਬਾਹਰਲਿਆਂ ਦਬਾਇਆ ਪਹਿਲਾਂ, ਹੁਣ ਆਪਣੇ ਕਾਬਜ਼ ਹੋਏ॥
ਲਿਖਤਾਂ ਸੰਤ ਰਾਮ ਉਦਾਸੀ ਦੀਆਂ, ਦਿਲ ਵਿੱਚ ਘਰ ਕਰ ਗਈਆਂ।
ਸੱਚੀਆਂ ਗੱਲਾਂ ਲਿਖੀਆਂ ਉਹਨੂੰ, ਸੀ ਮਹਿੰਗੀਆਂ ਪਈਆਂ॥
ਗਰੀਬ ਆਦਮੀ ਦਿਨੋਂ ਦਿਨ ਹੀ ਥੱਲੇ ਨਿਘਰਦਾ ਜਾਵੇ।
ਸ਼ਰਮਾਏਦਾਰੀ ਫੰਨ ਆਵਦਾ, ਫਨੀਅਰ ਵਾਂਗ ਫੈਲਾਵੇ॥
ਭੁੱਖੀ ਪਿਆਸੀ ਜੰਤਾ ਅੱਜ ਵੀ, ਦੇਵੇ ਕੂਕ ਦੁਹਾਈਆਂ।
ਜਾਗੋ ਦੇਸ਼ ਦੇ ਕਦਰਦਾਨੋਂ ਕਾਹਤੋਂ ਦੇਰੀਆਂ ਲਾਈਆਂ॥
ਗਰੀਬ ਦੀ ਲੋੜ ਜੇ ਪੂਰੀ ਕਰ ਦਿਓ, ਸਮਝ ਕੇ ਆਪਣੇ ਫਰਜ਼ਾਂ ਨੂੰ।
'ਦੱਦਾਹੂਰੀਏ' ਦੀ ਕਲਮ ਹੱਥ ਬੰਨ੍ਹ ਕਰਦੀ ਅਰਜ਼ਾਂ ਨੂੰ॥
————————

15 ਅਗਸਤ ਤੇ ਵਿਸੇਸ਼

ਦਿਨ 15 ਅਗਸਤ ਦਾ ਆਇਆ,
ਖੁਸ਼ੀਆਂ ਥਾਂ ਥਾਂ ਅੱਜ ਮਨਾਉਣ ਲੋਕੀ।
ਇਸ ਦਿਨ ਸੀ ਦੇਸ਼ ਅਜਾਦ ਹੋਇਆ,
ਇਸੇ ਲਈ ਹੀ ਭੰਗੜੇ ਪਾਉਣ ਲੋਕੀ॥
ਭੁੱਖੇ ਲੋਕ ਤੇ ਬੱਚੇ ਵੀ ਵਿਲਕਦੇ ਨੇ,
ਦੱਸੋ ਕਿੱਥੋਂ ਖਾਣ ਤੇ ਕਿੱਥੋਂ ਕਮਾਉਣ ਲੋਕੀ।
70 ਸਾਲ ਹੋਗੇ ਦੇਸ਼ੋਂ ਗਰੀਬੀ ਨਿਕਲੀ ਨਾ,
ਇਸੇ ਲਈ ਹੀ ਅੱਜ ਕੁਰਲਾਉਣ ਲੋਕੀ॥

ਬੱਚੇ ਚੁਗਦੇ ਜੋ ਕਚਰਾ ਰੂੜੀਆਂ ਤੋਂ,
ਕਦੋਂ ਉਨ੍ਹਾਂ ਦੀ ਲਵੇਗਾ ਸਾਰ ਕੋਈ।
70 ਸਾਲ ਹੋਗੇ ਧੰਦ ਪਿੱਟਦਿਆਂ ਨੂੰ,
ਸੁਣੀ ਕਿਸੇ ਨਾ ਕਦੇ ਫਰਿਆਦ ਕੋਈ॥
ਕੁੱਲੀ ਗੁੱਲੀ ਤੇ ਜੁੱਲੀ ਦਾ ਪੁੱਛਦੇ ਉਹ,
ਕਦੋਂ ਹੋਵੇਗਾ ਸਰਕਾਰੇ ਸੁਧਾਰ ਕੋਈ।
ਤਨ ਢਕਣ ਲਈ ਕੱਪੜਾ ਜੋ ਦੇਵੇ,
ਐਸੇ ਭੇਜ ਮਾਲਿਕਾ ਮਦਦਗਾਰ ਕੋਈ॥

ਬੇਰੁਜ਼ਗਾਰੀ ਦਾ ਮੰਦੜਾ ਦੌਰ ਐਸਾ,
ਕਦੇ ਇਸ 'ਚੋਂ ਕੱਢੂਗਾ ਮਾਈ ਦਾ ਲਾਲ ਕੋਈ।
ਲੋੜਾਂ ਜਿੰਦਗੀ ਦੀਆਂ ਪੂਰੀਆਂ ਕਰੂ ਜਿਹੜਾ,
ਐਸਾ ਆਊਗਾ ਕਦੇ ਦਿਆਲ ਕੋਈ॥
ਵੋਟਾਂ ਵੇਲੇ ਤਾਂ ਲੇਲੜੀਆਂ ਕੱਢਦੇ ਹੋਂ,
ਕੀ ਹੁਣ ਵੀ ਸੁਣੂਗਾ ਸਾਡਾ ਸਵਾਲ ਕੋਈ।
ਆਪਣੇ ਮਤਲਬ ਲਈ ਸਾਨੂੰ ਵਰਤਦੇ ਹੋਂ,
ਹੁਣ ਬਣੂਗਾ ਸਾਡੀ ਵੀ ਢਾਲ ਕੋਈ॥

ਮੇਰੇ ਦੇਸ਼ ਦਾ ਸਿਆਸਤਦਾਨ ਲੋਕੋ,
ਸ਼ਰਮਾਏਦਾਰਾਂ ਦੀ ਤੱਕੜੀ ਤੁਲ ਗਿਆ ਏ।
ਇਸੇ ਲਈ ਹੀ ਕਾਮਾ ਮਜਦੂਰ ਤਬਕਾ,
ਮੇਰੇ ਦੋਸਤੋ ਮਿੱਟੀ ਵਿੱਚ ਰੁਲ ਗਿਆ ਏ॥
ਮਾਇਆ ਰਾਣੀ ਦਾ ਹੋ ਗੁਲਾਮ ਬੈਠਾ,
ਪੈਂਗ ਛਲਕਦਾ ਵੇਖਕੇ ਡੁਲ ਗਿਆ ਏ।
ਉਹਨੂੰ ਹੋਰ ਨਾ ਕੋਈ ਵੀ ਨਜ਼ਰ ਆਵੇ,
ਕੀਤੇ ਕੌਲ ਇਕਰਾਰ ਉਹ ਭੁਲ ਗਿਆ ਏ॥

ਐਸੇ ਦਿਨ ਮਨਾਉਣੇ ਸਾਰਥਕ ਤਾਂ ਹੋਵਣ,
ਜੇਕਰ ਦੇਸ਼ ਦੀ ਸੁਖੀ ਲੁਕਾਈ ਹੋਵੇ।
ਬੇ-ਰੁਜ਼ਗਾਰੀ ਤੇ ਭ੍ਰਿਸ਼ਟਾਚਾਰੀ ਦੂਰ ਹੋਵੇ,
ਤਨੋਂ ਮਨੋਂ ਹੀ ਲੋਕ ਭਲਾਈ ਹੋਵੇ॥
ਭਰੂਣ ਹੱਤਿਆ ਨਸ਼ਿਆਂ ਤੇ ਰੋਕ ਲੱਗੇ,
ਇਕ ਦੂਜੇ ਲਈ ਸਭ ਸਹਾਈ ਹੋਵੇ।
'ਦੱਦਾਹੂਰੀਆ' ਅਜੋਕਾ ਸਿਆਸਤਦਾਨ ਜੋ ਹੈ,
ਸੱਚੇ ਦਿਲੋਂ ਉਹ ਜੰਤਾ ਦਾ ਭਾਈ ਹੋਵੇ॥
————————

ਖੁੱਲੀ ਕਵਿਤਾ

“ਕੰਮ ਜ਼ਿੰਦਗੀ ਦਾ ਕਰੋ ਨਾ ਅਧੂਰੇ ਮਨ ਨਾਲ ਕੋਈ”
ਤੜਕੇ ਜੇ ਉਠ ਕਦੇ ਸੈਰ ਲਈ ਗਏ ਨਾਹੀਂ,
ਨਾ ਤੰਦਰੁਸਤ ਸਰੀਰ ਤੁਹਾਡਾ ਕਦੇ ਫ਼ਿਰ ਰਹਿਣਾ ਜੀ।
ਕਿਸੇ ਵੀ ਦੁਖੀ ਨੂੰ ਜੇ ਸੁਖ ਤੁਸੀ ਦਿੱਤਾ ਨਾਹੀ,
ਨਾ ਸਮਝਿਆ ਬਜ਼ੁਰਗਾਂ ਦੀ ਸੇਵਾ ਤੁਸੀ ਗਹਿਣਾ ਜੀ॥
ਰੱਬ ਦੇ ਉਹ ਨੇੜੇ ਹੁੰਦੇ, ਬਹੁਤ ਹੀ ਦੱਸੀਦੇ ਨੇ,
ਜਿੰਦਗੀ ‘ਚ ਖੁੱਲ੍ਹ ਕੇ ਜੋ ਰਹਿੰਦੇ ਸਦਾ ਹੱਸਦੇ।
ਸਿਰਫ਼ ਵੇਖੀ ਹੀ ਜ਼ਿੰਦਗੀ ਮਾਣਿਆਂ ਨਾ ਕਦੇ ਤੁਸੀ,
ਹੱਸਦਿਆਂ ਦੇ ਦੋਸਤੋ ਘਰ ਰਹਿੰਦੇ ਵੱਸਦੇ॥
ਚਿਹਰਿਆਂ ਨੂੰ ਪੜ੍ਹਨਾ ਜੇ ਕਦੇ ਤੁਸੀ ਸਿੱਖਿਆ ਨਾ,
ਅੱਖਾਂ ਦੀ ਭਾਸ਼ਾ ਨੂੰ ਜੇ ਕਦੇ ਨਾ ਪਛਾਣਿਆ।
ਰਬੜ ਦੇ ਹੀ ਬੰਦੇ ਹੋਵੋਂਗੇ ਜਰੂਰ ਤੁਸੀ,
ਇਨਸਾਨ ਵਾਲਾ ਕੰਮ ਤੁਸੀ ਕਦੇ ਵੀ ਨਾ ਜਾਣਿਆ॥
ਜੇਠ ਅਤੇ ਹਾੜ੍ਹ ਦੀ ਜੇ ਧੁੱਪ ਨਾ ਸਹਾਰੀ ਕਦੇ,
ਪੋਹ ਅਤੇ ਮਾਘ ਦੀ ਠੰਡ ਕਿਵੇਂ ਸਹੋਂਗੇ ?
ਸਮਝ ਨਹੀਂ ਸਕਣਾ ਅੱਲਾ ਦੇ ਨਜ਼ਾਰਿਆਂ ਨੂੰ,
ਸਦਾ ਹਰ ਪਾਸਿਓਂ ਫਿਕਰਮੰਦ ਰਹੋਂਗੇ॥
ਕਦਰ ਨਾ ਕੀਤੀ ਹਵਾ ਪਾਣੀ ਦੀ ਜੇ ਕਦੇ ਤੁਸੀ,
ਸੱਭਿਅਕ ਜਿੰਦਗੀ ‘ਚ ਕਦੇ ਤੁਸੀ ਹੋਣਾ ਨਹੀਂ।
ਹੱਸਦਿਆਂ ਨਾ ਹੱਸੀਏ ਤੇ ਗੁੱਸੇ ਨੂੰ ਲਕੋਈਏ ਸਦਾ,
ਤਿਊੜੀਆਂ ਪਾ ਜ਼ਿੰਦਗੀ ‘ਚ ਹਨੇਰਾ ਐਵੇਂ ਢੋਣਾ ਨਹੀਂ॥
ਰਿਸ਼ਤਿਆਂ ਦਾ ਓ ਅ ਜੇ ਤੁਸੀ ਸਿੱਖਿਆ ਨਾ,
ਜੇਰਾ ਤੁਸੀ ਮੁਆਫ਼ੀ ਵਾਲਾ ਕਿਸਤੋਂ ਲਿਆਵੋਂਗੇ ?
ਤੰਗ ਦਿਲੀ ਦਾ ਸ਼ਿਕਾਰ ਕਿਤੇ ਹੋਕੇ ਨਾ ਰਹਿ ਜਾਇਓ,
ਸਲੀਕਾ ਇਹੇ ਸਿੱਖਣ ਲਈ ਕਿੱਥੇ ਫਿਰ ਜਾਓਂਗੇ ?
ਸਾਦਗੀ ਹੈ ਤ੍ਰਿਪਤੀ ‘ਚ, ਸਬਰ ਹੈ ਮਿਹਨਤ ‘ਚ,
ਮਦਦ ਚੋਂ ਸ਼ਾਂਤੀ ਤੇ ਕੰਮ ‘ਚੋਂ ਤਸੱਲੀ ਜੀ।
ਸਿਆਣਪ ਤੇ ਉਦਮ ਕੰਮ ਅਕਲ ਨਾਲ ਔਣ ਦੋਵੇਂ,
ਹਿੰਮਤ ਨਾ ਮਿਲਦੀ ਹੈ ਕਿਤੋਂ ਵੀਰੋ ਇਕੱਲੀ ਜੀ॥
ਸੁਣੀ ਨਾ ਜੇ ਬੱਚੇ ਦੀ ਕਿਲਕਾਰੀ ਤੁਸੀ ਜਿੰਦਗੀ ‘ਚ,

ਕਾਹਦਾ ਤੁਹਾਡਾ ਦੋਸਤੋ ਔਣਾ ਹੋਇਆ ਜੱਗ ਤੇ।
ਜੇ ਤਿਤਲੀ ਦੀ ਉਡਾਰੀ ਤੁਹਾਨੂੰ ਖੁਸ਼ੀ ਕਦੇ ਦਿੰਦੀ ਨਾ,
ਕਾਹਦਾ ਤੁਸੀ ਫੇਰਾ ਪਾਇਆ ਆਪੇ ਦੱਸੋ ਜੱਗ ਤੇ ?
ਸੂਰਜ ਤੇ ਚੜ੍ਹਨ ਅਤੇ ਛਿਪਣ ਦਾ ਅਨੰਦ ਨਹੀਂ ਮਾਣਿਆ ਜੇ,
ਲੱਗਦਾ ਹੈ ਜਿੰਦਗੀ ‘ਚ ਹਨ੍ਹੇਰਾ ਤੁਸੀ ਢੋਇਆ ਹੈ।
ਵੇਖੀ ਪੁੰਨਿਆ ਦੀ ਚਾਨਣੀ ਤੇ ਪੋਹ ਦੀ ਧੁੱਪ ਸੇਕੀ ਨਹੀਂ,
ਜੀਵਨ ਬੇ-ਅਰਥ ਲੱਗੇ ਐਵੇਂ ਤੁਸੀ ਖੋਇਆ ਹੈ॥
ਪੌਦਾ ਨਹੀਂ ਲਾਇਆ ਹੱਥੀਂ ਪਾਣੀ ਨਹੀਂ ਪਾਇਆ ਹੈ ਜੇ,
ਕਿਤੇ ਜੇ ਫੁੱਲਾਂ ਦੀ ਸੁਗੰਧ ਤੁਸੀ ਮਾਣੀ ਨਾ।
ਦੋ ਪਲ ਬੈਠ ਕਦੇ ਅਰਾਮ ਨਹੀਂ ਕੀਤਾ ਤੁਸੀ,
ਜਿੰਦਗੀ ਦੀ ਤੁਹਾਥੋਂ ਸੁਲਝਾਈ ਜਾਣੀ ਤਾਣੀ ਨਾ॥
ਨੰਗੇ ਪੈਰੀ ਧਰਤੀ ਤੇ ਤੁਰੇ ਨਾ ਜੇ ਤੁਸੀ ਕਦੇ,
ਗਿੱਲੀ ਗਿੱਲੀ ਮਿੱਟੀ ਨਾ ਜੇ ਹੱਥਾਂ ਵਿੱਚ ਚੱਕੀ ਜੀ।
ਮਾਂ ਜਿਹੀ ਧਰਤੀ ਨੂੰ ਭੁਲ ਗਏ ਹੋਂ ਤੁਸੀ ਸਾਰੇ,
ਸੋਲਾਂ ਆਨੇ ਸੱਚੀ ਗੱਲ ਬਿਲਕੁੱਲ ਪੱਕੀ ਜੀ॥
ਕੱਕਾ ਕੱਕਾ ਰੇਤਾ ਥੋਡੇ ਹੱਥਾਂ ‘ਚੋਂ ਨਾ ਕਿਰਿਆ ਜੇ,
ਜੇ ਰੋਂਦਾ ਬੱਚਾ ਤੁਹਾਡੇ ਕੋਲੋਂ ਚੁੱਪ ਨਹੀਂ ਕਰਦਾ।
ਆਪਣਾ ਹੀ ਬਚਪਨ ਖੋਹ ਲਿਆ ਤੁਸੀ ਫਿਰ,
ਗਵਾ ਲਿਆ ਅੰਦਰੋਂ ਜੋ ਹਾਮੀ ਇਹਦੀ ਭਰਦਾ॥
ਪੰਛੀਆਂ ਦੇ ਚਹਿਕਣ ਤੇ ਪਾਣੀ ਦੇ ਵਗਣ ਵੇਲੇ,
ਜੇ ਤੁਹਾਨੂੰ ਕਦੇ ਵੀ ਅਨੰਦ ਨਹੀਂ ਆਇਆ ਹੈ।
ਸੰਗੀਤ ਨੂੰ ਸੁਨਣ ਦੀ ਸ਼ਕਤੀ ਵੀ ਖੋਹ ਬੈਠੇ,
ਐਵੇਂ ਹੀ ਸਰੀਰ ਨੂੰ ਮਸ਼ੀਨ ਜਿਹਾ ਬਣਾਇਆ ਹੈ॥
ਜੇ ਦਾਤਣ ਨਾ ਕੀਤੀ, ਕਦੇ ਗੰਨੇ ਤੁਸੀ ਚੂਪੇ ਨਾਹੀਂ,
ਘਰ ਵਿੱਚ ਸਬਜੀਆਂ ਕਦੇ ਵੀ ਉਗਾਈਆਂ ਨਾ।
ਨੌ ਬਰ ਨੌ ਤੁਸੀ ਕਦੇ ਵੀ ਨਾ ਰਹਿਣਾ ਫਿਰ,
ਯਾਰੀਆਂ ਕਿਤਾਬਾਂ ਨਾਲ ਜੇ ਤੁਸੀ ਲਾਈਆਂ ਨਾ॥
ਕੰਮ ਜਿੰਦਗੀ ‘ਚ ਕਰੋ ਨਾ ਅਧੂਰੇ ਮਨ ਨਾਲ ਕੋਈ,
ਖੁਸ਼ ਰਹਿਣਾ ਹੁੰਦਾ ਸਦਾ ਜਿੰਦਗੀ ਦਾ ਗਹਿਣਾ ਜੀ।
‘ਸ਼ਰਮਾ ਜੋ ਦੱਦਾਹੂਰ’ ਵਾਲਾ ਸੱਚੋ ਸੱਚ ਲਿਖਦਾ ਹੈ,
ਜੱਗ ਆਏ ਇਕ ਵਾਰੀ ਨਹੀਂ ਪੱਕੇ ਰਹਿਣਾ ਜੀ॥
————————

ਬੰਦਿਆਂ ਅਲਾਮਤਾਂ ਛੱਡ ਭੈੜੀਆਂ

ਕਿਉਂ ਕੀਮਤੀ ਵਿਰਸਾ ਭੁੱਲਦੇ ਜਾਂਦੇ ਦੇਸ਼ ਦੇ ਨੌਜਵਾਨੋ।
ਕਰੋ ਤੁਹੱਈਆ ਸਾਂਭੋ ਇਸ ਨੂੰ ਆਪਣਾ ਫਰਜ਼ ਪਛਾਣੋ॥
ਨਸ਼ਿਆਂ ਦਾ ਤੁਸੀ ਸੇਵਨ ਕਰਕੇ, ਜਿੰਦਗੀ ਨਾਲ ਖਿਲਵਾੜ ਕਰੋਂ।
ਮਹਿੰਗੇ ਮੁੱਲ ਹੈ ਜੀਵਨ ਮਿਲਿਆ, ਕਿਉਂ ਇਸਨੂੰ ਬਰਬਾਦ ਕਰੋਂ?
ਆਪਣਾ ਸੱਭਿਆਚਾਰ ਭੁਲਕੇ, ਪੱਛਮੀ ਉੱਪਰ ਡੁੱਲ ਗਏ ਹੋਂ।
ਵਿਰਾਸਤ ਵਿੱਚ ਸੀ ਜੋ ਵੀ ਮਿਲਿਆ, ਦਿਲੋਂ ਉਸਨੂੰ ਭੁੱਲ ਗਏ ਹੋਂ॥
ਊਧਮ ਸਿੰਘ, ਕਰਤਾਰ ਸਰਾਭੇ, ਭਗਤ ਸਿੰਘ ਜਿਹੇ ਸ਼ੇਰਾਂ ਦੀ।
ਕਰੋ ਰੀਸ ਜਿਨਾ ਇਜ਼ਤ ਰੋਲੀ ਮਿੱਟੀ ਦੇ ਵਿੱਚ ਗੈਰਾਂ ਦੀ॥
ਬਾਬੇ ਨਾਨਕ, ਗੁਰੂ ਗੋਬਿੰਦ ਸਿੰਘ ਜੀ ਦੀ ਹੋਂ ਔਲਾਦ ਤੁਸੀ।
ਜੋ ਅਣਖ਼ ਆਬਰੂ ਦੇਸ਼ ਦੀ ਤੱਕੇ, ਉਨ੍ਹਾਂ ਲਈ ਬਣੇ ਫੌਲਾਦ ਤੁਸੀ॥
ਵਿਰਸੇ ਨੂੰ ਜੋ ਭੁੱਲਣ ਕੌਮਾਂ, ਮਿੱਟੀ ਵਿੱਚ ਰੁਲ ਜਾਂਦੀਆਂ ਨੇ।
ਰੱਖਣ ਯਾਦ ਜੋ ਇਸਨੂੰ ਉਹੋ, ਇਤਿਹਾਸ ਬਣ ਝੁਲ ਜਾਂਦੀਆਂ ਨੇ॥
ਦੁੱਧ ਘਿਓ ਤੇ ਮੱਖਣ ਵਾਲੇ ਪੰਜਾਬ ਦੇ ਹੋਂ ਤੁਸੀ ਵਾਸੀ।
ਤਿਆਗੋ ਇੰਨਾਂ ਨਸ਼ਿਆਂ ਨੂੰ ਨਹੀਂ ਕਰਨੀ ਕਦੇ ਖੁਲਾਸੀ॥
ਅਖਵਾ ਪੰਜਾਬ ਨਸ਼ਿਆਂ ਵਾਲਾ, ਕਿਉਂ ਜਾਂਦੇ ਆਬਰੂ ਰੋਲੀ।
ਇਸੇ ਅਣਖ ਲਈ ਖੇਡੀ ਸੂਰਮਿਆਂ ਵੈਰੀ ਦੇ ਖੂਨ ਦੀ ਹੋਲੀ॥
ਅਣਖੀ ਯੋਧਿਆਂ ਸੂਰਮਿਆਂ ਦੀ ਕਰੋ ਯਾਦ ਕੁਰਬਾਨੀ।
ਜੇਕਰ ਸਮਾਂ ਹੱਥੋਂ ਨਿਕਲ ਗਿਆ ਬਹੁਤ ਹੋਊਗੀ ਹਾਨੀ॥
ਵਿਰਸਾ ਆਪਣਾ ਸਾਂਭਣ ਦੇ ਲਈ ਕਮਰ ਕੱਸੇ ਕੱਸ ਲਈਏ।
'ਦੱਦਾਹੂਰੀਆ' ਅਲਾਮਤਾ ਛੱਡ ਭੈੜੀਆਂ ਸਿੱਧੇ ਰਸਤੇ ਪਾਈਏ।
——————————

ਜਿਹੜਾ ਕਰਦਾ ਭਲਾ ਉਹਦਾ ਹੁੰਦਾ ਵੀ ਹੈ

ਗਾਜਰਾਂ ਤੇ ਮੂਲੀਆਂ ਦੇ ਵਾਂਗੂੰ ਕਿਉਂ ਬੇ ਜੁਬਾਨ ਵੱਢੀ ਜਾਨੈ।
ਇਨਸਾਨ ਦਾ ਜਾਮਾ ਜੋ ਤੈਨੂੰ ਮਿਲਿਆ, ਜਨਾਜਾ ਇਹਦਾ ਕੱਢੀ ਜਾਨੈ॥
ਫਿਰ ਆਉਣਾ ਨਹੀ ਕਦੇ ਵੀ ਮੁੜ ਜੱਗ ਤੇ, ਤੂੰ ਕੰਮ ਕਰ ਲੈ ਭਲਾਈ ਦੇ।
ਤੇਰਾ ਇੱਕ ਇੱਕ ਸਵਾਸ ਬੜਾ ਕੀਮਤੀ, ਲੇਖੇ ਬੰਦੇ ਲਾ ਲੁਕਾਈ ਦੇ॥

ਚੁਰਾਸੀ ਲੱਖ ਜੀਆ ਜੂਨਾਂ ਬਾਦ ਮਿਲੀ ਐ, ਮਾਨਸ ਦੀ ਵਾਰੀ ਬੰਦਿਆ।
ਫਸ ਵਿਸ਼ੇ ਤੇ ਵਿਕਾਰਾਂ 'ਚ ਗੁਜਾਰ ਤੀ, ਸਾਰੀ ਦੀ ਹੀ ਸਾਰੀ ਬੰਦਿਆ॥
ਬੇ ਜੁਬਾਨਿਆਂ ਦੇ ਉੱਤੇ ਕਦੇ ਭੁੱਲਕੇ, ਐਂਵੇ ਨਹੀ ਜੁਲਮ ਢਾਹੀਦੇ.. ਤੇਰਾ..

ਜਾਇਦਾਦ ਦਿਆਂ ਚੱਕਰਾਂ 'ਚ ਕਦੇ ਵੀ, ਆਪਣਿਆਂ ਨੂੰ ਨਹੀਓ ਵੱਢੀਦਾ।
ਇਨਸਾਨੀਅਤ ਵਾਲਾ ਕਦੇ ਵੀਰਨਾ, ਭੁੱਲ ਕੇ ਨਹੀ ਪੱਲਾ ਛੱਡੀਦਾ॥
ਕੀਤੇ ਕੌਲ ਇਕਰਾਰ ਜਿਹੜੇ ਰੱਬ ਨਾ, ਹੈ ਤਨੋ ਮਨੋ ਉਹ ਨਿਭਾਈ ਦੇ.. ਤੇਰਾ..

ਤੈਨੂੰ ਡੇਗਣ ਦਾ ਕੋਈ ਅਧਿਕਾਰ ਨਾ, ਜੇ ਡਿੱਗੇ ਨੂੰ ਉਠਾ ਨਹੀ ਸਕਦਾ।
ਲਾਵਾਂ ਲੂਤੀਆਂ ਵੀ ਕਿਸੇ ਨੂੰ ਤੂੰ ਲਾ ਨਾ, ਜੇ ਸਿੱਧੇ ਰਾਹੇ ਪਾ ਨੀ ਸਕਦਾ॥
ਸੋਟਾ ਪੀੜੀ ਹੇਠਾਂ ਆਪਦੇ ਜੇ ਮਾਰੀਏ ਨਾ, ਪਹਾੜ ਬਣ ਜਾਂਦੇ ਰਾਈ ਦੇ.. ਤੇਰਾ..

ਜਿਹੜਾ ਕਰਦਾ ਭਲਾ ਉਹਦਾ ਹੁੰਦਾ ਵੀ ਹੈ, ਇਸ ਵਿੱਚ ਕੋਈ ਸ਼ੱਕ ਨਾ।
ਕਰ ਸਬਰ ਜੋ ਮਾਲਕ ਨੇ ਦਿੱਤਾ ਹੈ, ਦੂਜੇ ਉੱਤੇ ਰੱਖ ਅੱਖ ਨਾ॥
ਚਿੱਟੇ ਦਾਮਨ ਨੂੰ ਰੱਖ ਲੈ ਸੰਭਾਲ ਕੇ, ਕਾਲੇ ਦਾਗ ਨਹੀ ਲਵਾਈ ਦੇ.. ਤੇਰਾ..

ਦੱਦਾਹੂਰੀਏ ਦਾ ਕਹਿਣਾ ਤੂੰ ਭੁਲਾਈਂ ਨਾ, ਪੜ੍ਹ ਲਵੀਂ ਇਹਨੂੰ ਗੌਰ ਨਾ।
ਸਮਾਜ ਸੇਵਾ ਦੇ ਵੇਲੇ ਤੂੰ ਕਦੇ ਬੰਦਿਆ, ਬਣ ਜਾਵੀਂ ਕੰਮ ਚੋਰ ਨਾ॥
ਜਿਹੜੇ ਕੰਮ ਨਾਲ ਸ਼ੋਭਾ ਵਧੇ ਜਗ 'ਚ, ਉਹੋ ਕਰ ਕੇ ਵਿਖਾਈ ਦੇ.. ਤੇਰਾ..।
——————————

ਹੱਕ ਵਾਲੀ ਰੋਟੀ ਜਿਹੜਾ ਖਾਂਦਾ ਏ ਕਮਾਕੇ

ਟੌਹਰ ਅਸਲੀ ਹੁੰਦੀ ਹੈ ਓਸ ਇਨਸਾਨ ਦੀ।
ਜਿਹੜਾ ਦੂਜਿਆਂ ਲਈ ਵਾਰ ਦੇਵੇ ਜਿੰਦ ਜਾਨ ਵੀ॥

ਜਾਂਦੇ ਨੇ ਵਿਦੇਸ਼ਾਂ ਵਿੱਚ ਡਾਲਰ ਕਮਾਉਣ ਲਈ।
ਵਾਰ ਦੇਣ ਆਪਾ ਉਹੋ ਸੁੱਖ ਵਰਤਾਉਣ ਲਈ॥
ਛੱਡ ਮਾਤਾ ਪਿਤਾ ਭੈਣ ਭਾਈ ਸੋਹਣਾ ਹਾਣ ਜੀ ..ਟੌਹਰ ਅਸਲੀ

ਜੋ ਬੈਠੇ ਸਰਹੱਦ ਉੱਤੇ ਓਹ ਵੀ ਇਨਸਾਨ ਨੇ।
ਰਾਖੀ ਸਦਾ ਕਰਕੇ ਬਚਾਉਂਦੇ ਸਾਡੀ ਜਾਨ ਨੇ॥
ਘਰੋਂ ਦੂਰ ਰਹਿਕੇ ਕਰਦੇ ਨੇ ਉੱਚੀ ਸ਼ਾਨ ਜੀ ..ਟੌਹਰ ਅਸਲੀ

ਕਰਦਾ ਭਲਾਈ ਵਾਲੇ ਕੰਮ ਜਿਹੜਾ ਬੰਦਾ ਜੀ।
ਰੱਬ ਦੀ ਨਜ਼ਰ ਵਿੱਚ ਸਭਨਾਂ ਤੋਂ ਚੰਗਾ ਜੀ॥
ਅੱਗੇ ਦਰਗਾਹ ਦੇ ਵਿੱਚ ਮਿਲੇ ਓਹਨੂੰ ਮਾਣ ਜੀ ..ਟੌਹਰ ਅਸਲੀ

ਹੱਕ ਵਾਲੀ ਰੋਟੀ ਜਿਹੜਾ ਖਾਂਦਾ ਏ ਕਮਾ ਕੇ।
ਦਸਵਾਂ ਦਸੌਂਧ ਪੁੰਨ ਦਾਨ ਉੱਤੇ ਲਾ ਕੇ॥
ਕਰੇ ਕੋਈ ਕੋਈ ਇਹਨਾਂ ਗੱਲਾਂ ਦਾ ਧਿਆਨ ਜੀ ..ਟੌਹਰ ਅਸਲੀ

'ਸ਼ਰਮਾ' ਜੋ ਦੱਦਾਹੂਰ ਵਾਲਾ ਸੱਚ ਲਿਖਦਾ।
ਅੱਜਕੱਲ੍ਹ ਐਸਾ ਬੰਦਾ ਵਿਰਲਾ ਹੀ ਦਿਸਦਾ॥
ਦਿਸੇ ਲੱਖਾਂ ਵਿੱਚੋਂ ਇੱਕ ਜੀਹਨੂੰ ਹੋਵੇ ਗਿਆਨ ਜੀ ..ਟੌਹਰ ਅਸਲੀ।

————————————————

ਪੀੜ੍ਹੀ ਦਰ ਪੀੜ੍ਹੀ ਨੇ ਰੁਲਦੇ

ਬਦਲੀ ਚਾਲ ਜ਼ਮਾਨੇ ਦੀ ਹੈ ਲੱਭਦਾ ਨਹੀ ਇਨਸਾਫ।
ਸੱਚ ਨੂੰ ਲੱਗੇ ਕਲਯੁਗ ਦੇ ਵਿੱਚ ਮਿਲਿਆ ਹੋਇਆ ਸਰਾਪ॥
ਪੈਸੇ ਨਾਲ ਹੈ ਅੱਜਕੱਲ੍ਹ ਲੋਕੋ ਸੱਚ ਦਬਾਇਆ ਜਾਂਦਾ।
ਖ਼ਰੀਦੋ ਫਰੋਖਤ ਕਰਕੇ ਹੈ ਗਵਾਹ ਭੁਗਤਾਇਆ ਜਾਂਦਾ॥
ਸੱਚ ਨੂੰ ਪੈ ਜਾਂਦੀ ਛਾਨਣੀ ਜਿੰਦਗੀ ਭਰ ਲਈ ਖਾਕ..ਸੱਚ...
ਝੂਠੇ ਤੋਂ ਬਣ ਜਾਂਦਾ ਸੱਚਾ ਜਿਸ ਕੋਲ ਪੈਸਾ ਹੁੰਦਾ।
ਨੋਟ ਸਗੀਫ਼ ਬਣਾ ਦਿੰਦੇ ਜੋ, ਇੱਕ ਨੰਃ ਦਾ ਗੁੰਡਾ॥
ਭਲੇ ਮਾਨਸ ਨੂੰ ਰਹੇ ਹਮੇਸ਼ਾਂ ਇਨਸਾਫ ਦੀ ਝਾਕ..ਸੱਚ..
ਪੀੜ੍ਹੀ ਦਰ ਪੀੜ੍ਹੀ ਨੇ ਰੁਲਦੇ ਜੋ ਨੇ ਸੱਚ ਤੇ ਚੱਲਦੇ।
ਫੈਸਲੇ ਹੋਣ ਹੱਕ 'ਚ, ਪਰਛਾਂਵੇ ਮਾਇਆ ਪਿੱਛੇ ਢਲਦੇ॥
ਦੇਣਾਂ ਪੈਂਦਾ ਜਿੰਦਗੀ ਜੀਣ ਲਈ ਬੰਦੇ ਨੂੰ ਧਰਵਾਸ..ਸੱਚ..
ਪੈਸੇ ਦੇ ਹੀ ਸੋਹਲੇ ਗਾਉਂਦੀ ਵੇਖੀ ਕੁੱਲ ਲੁਕਾਈ।
ਦੋ ਨੰਬਰ ਦੇ ਪੈਸੇ ਦੇ ਨਾਲ ਲੱਗੇ ਕਰਨ ਭਲਾਈ॥
ਕੰਮ ਕਾਨੂੰਨ ਨੂੰ ਮੁੱਠ 'ਚ ਲੈ ਕੇ ਕਰਨ ਪੈਸੇ ਨਾਲ ਰਾਸ..ਸੱਚ..
ਕੁੱਲੀ ਗੁੱਲੀ ਜੁੱਲੀ ਮਿਲਣੀ ਔਖੀ ਹੈ ਬਿਨ ਪੈਸੇ।
ਕਰੀ ਤਰੱਕੀ ਚੰਨ ਤੇ ਪਹੁੰਚ ਕੇ ਵੇਖੇ ਨੇ ਦਿਨ ਐਸੇ॥
ਜੋਰਾਵਰ ਖਾ ਜਾਂਦੇ ਕਾਮੇ ਦਾ ਚੂੰਡ ਚੂੰਡ ਕੇ ਮਾਸ..ਸੱਚ..
ਸੱਚ ਨੂੰ ਬੋਲਣ ਵਾਲੇ ਹੁੰਦੇ ਵੇਖੇ ਬਹੁਤ ਜਲੀਲ।
ਨੋਟਾਂ ਵਾਲੇ ਝੂਠ ਦੀ ਥਾਂ-ਥਾਂ ਦਿੰਦੇ ਫਿਰਨ ਦਲੀਲ॥
ਸੱਚ ਨੂੰ ਝੂਠ 'ਚ ਬਦਲਣ ਦਾ ਕਹਿੰਦੇ ਇਲਾਜ ਹੈ ਸਾਡੇ ਪਾਸ..ਸੱਚ..
'ਸ਼ਰਮਾ ਦੱਦਾਹੂਰ' ਵਾਲਾ ਵੇਖਦਾ ਹੈ ਜੋ ਲਿਖਦਾ।
ਕਲਯੁਗ ਦੇ ਵਿੱਚ ਸੱਚਾ ਬੰਦਾ ਚੱਕੀ ਦੇ ਵਿੱਚ ਪਿਸਦਾ॥
ਇਨਸਾਨੀਅਤ ਵਾਲਾ ਕਿਸੇ ਕਿਸੇ ਨੂੰ ਹੁੰਦਾ ਹੈ ਅਹਿਸਾਸ..ਸੱਚ..।

————————————

ਭਾਈ ਅਰਜਨ ਸਿੱਧੂ ਨੂੰ ਸਮਰਪਿਤ

ਦੱਸ ਅਰਜਨ ਕਿਉਂ ਸਾਨੂੰ ਛੱਡ ਗਿਆਂ ਅੱਧਵਾਟੇ।
ਇਹੇ ਪੂਰੇ ਹੋਣੇ ਨਾ, ਜਿਹੜੇ ਪਾ ਚੱਲਿਐਂ ਘਾਟੇ॥
ਉਹੋ ਦਿਨ ਹੀ ਚੰਦਰਾ ਸੀ, ਕਾਲਿਜ ਪੜ੍ਹਨ ਲਈ ਜਦ ਤੁਰਿਆ।
ਘੇਰਾ ਪਾਇਆ ਹੋਣੀ ਨੇ, ਪੁੱਤ ਤੂੰ ਫੇਰ ਨਾ ਘਰ ਨੂੰ ਮੁੜਿਆ॥

ਹੁੰਦੀ ਤਾਂਘ ਹੈ ਮਾਪਿਆਂ ਨੂੰ, ਕਰ ਲੈਣ ਬੱਚੇ ਖੂਬ ਪੜ੍ਹਾਈਆਂ।
ਰਹੇ ਖਾਹਿਸ਼ ਅਧੂਰੀ ਨਾ, ਸਦਾ ਹੀ ਜਗ ਤੇ ਕਰਨ ਚੜ੍ਹਾਈਆਂ॥
ਪਰ ਬੂਰ ਜੋ ਆਸਾਂ ਦਾ, ਮੀਂਹ ਦੇ ਝੱਖੜ ਦੇ ਵਿੱਚ ਰੁੜਿਆ.. ਘੇਰਾ..

ਮੱਥਾ ਚੁੰਮ ਕੇ ਪੁੱਤਰ ਦਾ, ਮਾਂ ਉਹਨੂੰ ਸੌ ਸੌ ਵਾਰ ਨਿਹਾਰੇ।
ਆਵੇ ਘੜੀ ਕੁਲੈਹਣੀ ਤਾਂ, ਦੱਸੋ ਮਾਂ ਫਿਰ ਕਿਵੇਂ ਸਹਾਰੇ॥
ਤੇਰਾ ਰਾਹੁਲ ਵੀਰ ਵੱਡਾ, ਜਾਵੇ ਝੋਰਿਆਂ ਦੇ ਨਾਲ ਖੁਰਿਆ.. ਘੇਰਾ..

ਤਾਇਆ ਤੇ ਪਾਪਾ ਨੂੰ, ਔਖੀ ਯਾਦ ਹੈ ਤੇਰੀ ਭੁਲਾਉਣੀ।
ਭੈਣਾਂ ਵੀ ਪੁੱਛਦੀਆਂ ਨੇ, ਵੀਰਨਾਂ ਰੱਖੜੀ ਕਦੋਂ ਬਨ੍ਹਾਂਉਣੀ॥
ਤੇਰੀ ਨਦਿਰ ਭਤੀਜੀ ਦਾ, ਬਚਪਨ ਸੀ ਤੇਰੇ ਨਾਲ ਜੁੜਿਆ.. ਘੇਰਾ..

ਦਿਨ ਕਟੀਆਂ ਕਰਦੇ ਹਾਂ, ਤੇਰੀਆਂ ਯਾਦਾਂ ਸੀਨੇ ਨਾਲ ਲਾਕੇ।
ਗਿਆ ਛੱਡ ਅਧੂਰੀਆਂ ਤੂੰ, ਕਾਹਤੋਂ ਗਿਆ ਨਾ ਓੜ ਨਿਭਾਕੇ॥
ਸਤਿਗੁਰੂ ਨੇ ਕਰਨਾ ਹੈ, ਜੋ ਕੰਮ ਤੇਰੇ ਬਾਝੋਂ ਥੁੜਿਆ.. ਘੇਰਾ..

ਹੈ ਜੋਦੜੀ ਡਾਢੇ ਨੂੰ, ਸਾਨੂੰ ਹੌਂਸਲਾ ਆਪ ਬੰਨ੍ਹਾਵੀਂ।
ਜੇ ਸਾਥੋਂ ਖੋਹਿਆ ਹੈ, ਦਾਤਿਆ ਚਰਨਾਂ ਦੇ ਨਾਲ ਲਾਵੀਂ॥
ਤੇਰੀ ਰਜ਼ਾ 'ਚ ਰਾਜ਼ੀ ਆਂ, ਬਹੁਤਾ ਜਾਂਦਾ ਵੀ ਨਹੀ ਝੁਰਿਆ.. ਘੇਰਾ..

ਸ਼ਰਮਾ ਦੱਦਾਹੂਰੀਆ ਤਾਂ ਕਰਦਾ ਰਹਿੰਦਾ ਨਿੱਤ ਫਰਿਆਦਾਂ।
ਕਰ ਦਿਲ ਵਿੱਚ ਘਰ ਗਈਆਂ, ਅਰਜਨ ਬੇਟੇ ਤੇਰੀਆਂ ਯਾਦਾਂ॥
ਸਮਾਂ ਆਵਣ ਜਾਵਣ ਦਾ, ਕਦੇ ਵੀ ਨਹੀ ਕਿਸੇ ਨੂੰ ਫੁਰਿਆ.. ਘੇਰਾ..

————————————

(ਖੁਸ਼ੀਆਂ ਦਾ ਛਿੱਟਾ)

ਦੁਖੀ ਨਾ ਖੁਦਾਈ ਹੋਵੇ, ਹੱਸਦੀ ਲੁਕਾਈ ਹੋਵੇ।
ਕਦੇ ਨਾ ਤੂੰ ਕਿਸੇ ਨੂੰ ਰਵਾਂਈ ਮੇਰੇ ਮਾਲਕਾ, ਖੁਸ਼ੀਆਂ ਦਾ..
ਖੁਸ਼ੀਆਂ ਦਾ ਛਿੱਟਾ ਦੇ ਕੇ ਜਾਵੀਂ ਮੇਰੇ ਮਾਲਕਾ, ਖੁਸ਼ੀਆਂ ਦਾ..

ਇਹੋ ਅਰਦਾਸ ਦਾਤਾ, ਕਰੀਂ ਨਾ ਨਿਰਾਸ਼ ਦਾਤਾ।
ਹੋਰ ਕੀਹਦੇ ਉੱਤੇ ਦੱਸ, ਰੱਖ ਲਈਏ ਆਸ ਦਾਤਾ॥
ਹੋਈਆਂ ਭੁੱਲਾਂ ਆਪੇ ਬਖਸ਼ਾਵੀਂ ਮੇਰੇ ਮਾਲਕਾ, ਖੁਸ਼ੀਆਂ ਦਾ..

ਪੁੱਠੇ ਵਹਿਣੀਂ ਰੁੜ੍ਹੇ ਨਾ ਕੋਈ, ਨਸ਼ੇ ਵੱਲ ਤੁਰੇ ਨਾ ਕੋਈ।
ਮਾੜੀਆਂ ਅਲਾਮਤਾਂ ਲਈ, ਸੋਚਾਂ ਵਿੱਚ ਖੁਰੇ ਨਾ ਕੋਈ॥
ਐਹੋ ਜਿਹੀ ਬਿਰਤੀ ਬਨਾਵੀਂ ਮੇਰੇ ਮਾਲਕਾ, ਖੁਸ਼ੀਆਂ ਦਾ..

ਦਿਲੋਂ ਇਹ ਕੱਢ ਦੇਈਏ, ਦਾਜ ਲੈਣਾ ਛੱਡ ਦੇਈਏ।
ਕਿਸੇ ਅੱਗੇ ਕਦੇ ਵੀ ਨਾ, ਐਵੇਂ ਹੱਥ ਅੱਡ ਦੇਈਏ॥
ਇਸ ਗੱਲੋਂ ਆਪੇ ਹੀ ਬਚਾਵੀਂ ਮੇਰੇ ਮਾਲਕਾ, ਖੁਸ਼ੀਆਂ ਦਾ..

ਹੱਥੀ ਸੇਵਾ ਕਰ ਲਈਏ, ਭਵਜਲ ਤਰ ਲਈਏ।
ਆਪਣਾ ਜੋ ਦਾਮਨ ਹੈ, ਖੁਸ਼ੀਆਂ ਨਾ ਭਰ ਲਈਏ॥
ਦਿਲਾਂ ਵਿੱਚ ਸੋਚ ਇਹ ਲਿਆਵੀਂ ਮੇਰੇ ਮਾਲਕਾ, ਖੁਸ਼ੀਆਂ ਦਾ..

ਡਿੱਗੇ ਨੂੰ ਉਠਾ ਦੇਈਏ, ਰੋਂਦੇ ਨੂੰ ਹਸਾ ਦੇਈਏ।
ਜਿੰਦਗੀ ਤੋਂ ਭਟਕੇ ਨੂੰ ਸਿੱਧੇ ਰਾਹੇ ਪਾ ਦੇਈਏ॥
ਸੋਚ ਇਹ ਸਭ ਨੂੰ ਸਿਖਾਵੀਂ ਮੇਰੇ ਮਾਲਕਾ, ਖੁਸ਼ੀਆਂ ਦਾ..

ਤੇਰਾ ਹੀ ਸਹਾਰਾ ਲੈਂਦਾ, ਸ਼ਰਮਾ ਹੈ ਤੈਨੂੰ ਕਹਿੰਦਾ।
'ਦੱਦਾਹੂਰ' ਪਿੰਡ ਉਹਦਾ, ਹੁਣ 'ਮੁਕਤਸਰ' ਰਹਿੰਦਾ॥
ਬੇਨਤੀ ਤੂੰ ਓਸ ਦੀ ਪੁਗਾਵੀਂ ਮੇਰੇ ਮਾਲਕਾ, ਖੁਸ਼ੀਆਂ ਦਾ..
————————

ਦੁਸ਼ਮਣ ਕਰਜ਼ਾ ਅਤੇ ਬਿਮਾਰੀ

ਸੁੱਖ ਦੀ ਨੀਂਦ ਨਾ ਸੌਂ ਸਕਦਾ, ਬੰਦਾ ਲੋਕੋ ਉਮਰ ਭਰ ਸਾਰੀ।
ਤੰਗ ਕਰਦੇ ਬਹੁਤ ਇਹੇ, ਦੁਸ਼ਮਣ ਕਰਜ਼ਾ ਅਤੇ ਬਿਮਾਰੀ॥

ਕਮਜ਼ੋਰ ਨਾ ਸਮਝ ਲੈਣਾ, ਕਦੇ ਵੀ ਦੁਸ਼ਮਣ ਨੂੰ ਤੁਸੀ ਲੋਕੋ।
ਭਾਈਚਾਰਕ ਸਾਝਾਂ ਪਾ, ਜੇਕਰ ਰੋਕ ਸਕੋਂ ਤਾਂ ਰੋਕੋ॥
ਪੈ ਜਾਏ ਚੁਕਾਉਣੀ ਨਾ ਦੇ ਕੇ ਜਿੰਦਗੀ ਕੀਮਤ ਭਾਰੀ ..ਤੰਗ ਕਰਦੇ..

ਕਰਜਾ ਵੀ ਉੱਤਰੇ ਨਾ, ਜੇਕਰ ਭੁੱਲ ਚੁੱਕ ਲੈਣਾ ਪੈ ਜੇ।
ਸਾਰੀ ਉਮਰ ਹੈ ਬੀਤ ਜਾਂਦੀ, ਬੰਦਾ ਕਰਜੇ ਜੋਗਾ ਰਹਿਜੇ॥
ਸੋਚਾਂ ਵਿੱਚ ਲੰਘ ਜਾਂਦੀ ਜਿੰਦਗੀ ਦਾਤ ਜੋ ਬਹੁਤ ਪਿਆਰੀ ..ਤੰਗ ਕਰਦੇ..

ਕੱਖੋਂ ਹੌਲਾ ਕਰ ਦਿੰਦੀ ਜਹਿਮਤ, ਜਿਸ ਵੀ ਘਰ ਵਿੱਚ ਵੜਦੀ।
ਅੱਗੇ ਵਧਣ ਨਾ ਘਰ ਦੇਂਦੀ, ਅੜਿੱਕਾ ਬਣ-2 ਰਾਹ ਵਿੱਚ ਖੜਦੀ॥
ਨਾ ਪਿੱਛਾ ਛੱਡਦੀ ਏ, ਭਾਂਵੇ ਲੱਖ ਕਰ ਲਈਏ ਹੁਸ਼ਿਆਰੀ ..ਤੰਗ ਕਰਦੇ..

ਬਿਮਾਰੀ ਐਸੀ ਚਿੰਬੜ ਜਾਏ, ਜਿਸਦਾ ਇਲਾਜ ਨਾ ਜੱਗ ਤੇ ਹੋਵੇ।
ਜਿਉਂਦੇ ਜੀਅ ਮਰ ਜਾਈਦੈ, ਓਹਲੇ ਹੋ-ਹੋ ਬੰਦਾ ਰੋਵੇ॥
ਦਿਲ ਕਰੇ ਨਾ ਛੱਡਣ ਨੂੰ, ਹੱਸਦੀ ਵਸਦੀ ਘਰ ਫੁਲਵਾੜੀ ..ਤੰਗ ਕਰਦੇ..

'ਦੱਦਾਹੂਰੀਆ ਸ਼ਰਮਾ' ਤਾਂ ਕਰਦਾ, ਹੱਥ ਬੰਨ੍ਹ ਰੋਜ ਦੁਆਵਾਂ।
ਸਾਜੀ ਤੇਰੀ ਸ੍ਰਿਸ਼ਟੀ ਨੂੰ, ਕਦੇ ਵੀ ਲੱਗਣ ਨਾ ਤੱਤੀਆਂ ਵਾਵਾਂ॥
ਰਹੇ ਮਹਿਕਾਂ ਛੱਡਦੀ ਹੀ ਮਾਲਕਾ ਤੇਰੀ ਦੁਨੀਆਂਦਾਰੀ ..ਤੰਗ ਕਰਦੇ..
————————

(ਐਸੀ ਚਾਨਣੀ ਬਿਖੇਰ ਦੇਵੀਂ ਜੱਗ ਤੇ)

ਕੁੱਲੀ ਗੁੱਲੀ ਜੁੱਲੀ ਦੇਵੀਂ ਸੱਭ ਨੂੰ, ਮੇਰੇ ਮਾਲਿਕਾ ਤੂੰ ਸੁਣੀਂ ਨੇੜੇ ਹੋ।
ਵਾਂਝਾ ਨਾ ਕੋਈ ਰਹਿ ਜਾਵੇ ਦਾਤਿਆ, ਰੱਖੀਂ ਕਿਸੇ ਤੋਂ ਨਾ ਕੁਝ ਵੀ ਲਕੋ॥ ..

ਕਈ ਉੱਚੇ ਮਹਿਲੀਂ ਰਕਿ ਕੇ ਮੌਜਾਂ ਮਾਣਦੇ, ਕਈ ਫਿਰਦੇ ਨੇ ਖਾਕ ਇੱਥੇ ਛਾਣਦੇ।
ਮਿਲੇ ਰੱਜਵੀਂ ਨਾ ਰੋਟੀ ਕਿਸੇ ਕਿਸੇ ਨੂੰ, ਭਾਂਤ ਭਾਂਤ ਦੇ ਕਈ ਖਾਣੇ ਨਾ ਪਛਾਣਦੇ॥
ਖੇਡਾਂ ਵੇਖ ਕੇ ਨਿਆਰੀਆਂ ਇਹ ਤੇਰੀਆਂ, ਦਿਲ ਕਰਦੈ ਲਈਏ ਰੱਜ ਰੋ .. ਵਾਂਝਾ ..

ਤਨ ਢੱਕਣ ਲਈ ਕਈ ਰਹਿੰਦੇ ਲੋਚਦੇ, ਕਈ ਬਦਲਵੇਂ ਸੂਟ ਨਿੱਤ ਪਾਉਂਦੇ ਨੇ।
ਆਏ ਜਾਂ ਨਾ ਆਏ ਉਹੋ ਜੱਗ ਤੇ, ਵੇਖ ਵੇਖ ਕੇ ਜੋ ਦਿਲ ਪਰਚਾਉਂਦੇ ਨੇ ॥
ਤੇਰੀ ਵੇਖ ਕਿ ਨਿਰਾਲੀ ਕਾਰਾਗਰੀ ਤੋਂ, ਸਾਡਾ ਦੁਨੀਆਂ ਤੋਂ ਭੰਗ ਹੋਇਆ ਮੋਹ ..ਵਾਂਝਾ..

ਪੁੱਤ ਪੋਤਿਆਂ ਨਾ ਲਾਡ ਕੋਈ ਲਡਾਉਂਦਾ ਹੈ, ਕੋਈ ਔਤ ਹੀ ਹੈ ਜੱਗ ਉਤੋਂ ਜਾਂਵਦਾ।
ਕੋਈ ਔਲਾਦ ਹੱਥੋਂ ਦੁਨੀਆਂ 'ਚ ਤੰਗ ਹੈ, ਕੋਈ ਔਲਾਦ ਲਈ ਸੰਗਲ ਖੂਹੀਂ ਪਾਂਵਦਾ॥
ਮਾਇਆ ਰਚ ਦਿੱਤੀ ਕੈਸੀ ਮੇਰੀ ਡਾਢਿਆ, ਲੱਗੇ ਜਿੰਦਗੀ ਇਹ ਫ਼ਿਲਮ ਦਾ ਸ਼ੋਅ ..ਵਾਂਝਾ..

ਕਿਸੇ ਕਿਸੇ ਦੀਆਂ ਭਰਦੈਂ ਤਿਜੌਰੀਆਂ, ਥਾਂ ਥਾਂ ਉੱਤੇ ਲੰਗਰ ਲਗਾਉਂਦੇ ਨੇ।
ਕਈ ਗਲੀਆਂ 'ਚ ਰਹਿੰਦੇ ਨਿੱਤ ਮੰਗਦੇ, ਇੱਕੋ ਡੰਗ ਖਾ ਕੇ ਟਾਇਮ ਕਈ ਟਪਾਉਂਦੇ ਨੇ॥
ਹੱਕ ਕਈਆਂ ਨੂੰ ਤਾਂ ਆਪਣਾਂ ਨਹੀ ਮਿਲਦਾ, ਕਈ ਦੂਜਿਆਂ ਦਾ ਖਾ ਜਾਂਦੇ ਖੋਹ .. ਵਾਂਝਾ..

'ਦੱਦਾਹੂਰ' ਵਾਲੇ 'ਸ਼ਰਮੇ' ਦੀ ਬੇਨਤੀ, ਦਰਗਾਹ ਵਿੱਚ ਕਰ ਲਈ ਕਬੂਲ ਤੂੰ।
ਮਾਨਸ ਬਣਾ ਕੇ ਜੇ ਹੈ ਭੇਜਿਆ, ਰੱਖ ਸਭਨਾਂ ਲਈ ਇੱਕੋ ਜਿਹੇ ਅਸੂਲ ਤੂੰ॥
ਐਸੀ ਚਾਨਣੀ ਬਿਖੇਰ ਦੇਵੀਂ ਜੱਗ ਤੇ, ਆਵੇ ਸਭ ਪਾਸੇ ਇੱਕੋ ਜਿਹੀ ਲੋਅ .. ਵਾਂਝਾ..
————————

ਬਦਲ ਗਈ ਹੈ ਬਿਰਤੀ

ਸੱਭਿਆਚਾਰਕ ਕੋਈ ਗੀਤ ਕਾਸਤੋਂ ਹਿੱਟ ਨਹੀ ਹੁੰਦਾ।
ਕਿਉਂਕਿ ਚਾਹਤ ਮੁਤਾਬਕ ਲੋਕਾਂ ਦੇ ਉਹ ਫਿੱਟ ਨਹੀ ਹੁੰਦਾ॥
ਬਦਲ ਗਈ ਹੈ ਬਿਰਤੀ ਲਹਿ ਗਈ ਬਿਲਕੁਲ ਲੋਈ ਐ।
ਵਿਰਸਾ ਮਣ-ਮਣ ਹੰਝੂ ਕੇਰਕੇ ਜਾਂਦਾ ਰੋਈ ਐ॥
(ਸੱਭਿਆਚਾਰ ਵੀ ਲੁਕ ਲੁਕ ਵੇਖੋ ਜਾਂਦਾ ਰੋਈ ਐ॥)

ਲੱਚਰਤਾ ਪਰੋਸ ਕਿ ਬਿਲਕੁਲ ਹੱਦ ਮੁਕਾ ਦਿੱਤੀ।
ਕਰਕੇ ਜਿਸਮ ਨਮਾਇਸ਼ੀ ਗੱਲ ਤਾਂ ਸਿਰੇ ਹੀ ਲਾ ਦਿੱਤੀ॥
ਗੰਦੇ ਸ਼ਬਦ ਵੀ ਗੀਤਾਂ ਦੇ ਵਿੱਚ ਜਾਣ ਪਰੋਈ ਐ .. ਬਦਲ ਗਈ..

ਪਿਸਟਲ ਰਫਲ ਗੰਡਾਸਿਆਂ ਵਾਲੇ ਗੀਤ ਇਹ ਲਿਖਦੇ ਨੇ।
ਮੰਦੇ ਕੰਮ ਵੀ ਕੁੜੀਆਂ ਮੁੰਡੇ ਇੱਥੋਂ ਹੀ ਸਿੱਖਦੇ ਨੇ॥
ਸ਼ੱਕ ਨਹੀ ਹੈ ਵੇਖਦੇ ਜੋ ਨੇ ਕਰਦੇ ਸੋਈ ਐ .. ਬਦਲ ਗਈ..

ਅਬਲਾ ਦੀ ਤਾਂ ਇੱਜ਼ਤ ਇਨ੍ਹਾਂ ਦਾਅ ਤੇ ਲਾ ਦਿੱਤੀ।
ਅਣਖ਼ ਆਬਰੂ ਰਲ ਕੇ ਮਿੱਟੀ ਵਿੱਚ ਮਿਲਾ ਦਿੱਤੀ॥
ਐਸੀਆਂ ਲਿਖਤਾਂ ਲਿਖਣ ਵਾਲਿਆਂ ਦੀ ਸੁੱਧਬੁੱਧ ਖੋਈ ਐ.. ਬਦਲ ਗਈ..

ਵੀਡੀਓ ਦੇ ਵਿੱਚ ਕਤਲਾਂ ਦਾ ਕੋਈ ਮਤਲਬ ਲੱਭਦਾ ਨਹੀ।
ਸਿਰਲੱਥ ਯੋਧਿਆਂ ਵਾਲੇ ਪੰਜਾਬ 'ਚ ਕੰਮ ਇਹ ਫੱਬਦਾ ਨਹੀ॥
ਸੂਰਬੀਰਾਂ ਦੀ ਜਾਂਦੇ ਕਿਉਂ ਤੁਸੀ ਗੱਲ ਲਕੋਈ ਐ .. ਬਦਲ ਗਈ ..

ਪੰਜਾਬ ਦੀ ਮੇਰੇ ਵੀਰੋ ਉਜਾਗਰ ਕਰੋ ਸੱਚਾਈ ਨੂੰ।
ਕਲਮ ਨਾਲ ਚੰਗੇ ਪੂਰਨੇ ਪਾ ਕੇ ਕਰੋ ਦੂਰ ਬੁਰਾਈ ਨੂੰ॥
ਕਿਉਂ ਅਖਵਾਵੋਂ ਪੰਜਾਬੀਆਂ ਦੀ ਜ਼ਮੀਰ ਹੀ ਸੋਈ ਐ ..ਬਦਲ ਗਈ ..

'ਸ਼ਰਮਾ ਦੱਦਾਹੂਰੀਆ' ਆਖੇ ਹਾਲੇ ਵੀ ਹੋਸ਼ ਕਰੋ।
ਚੜ੍ਹਦੀ ਹੋਈ ਜਵਾਨੀ ਨੂੰ ਤੁਸੀ ਨਾ ਮਦਹੋਸ਼ ਕਰੋ॥
ਇੱਜ਼ਤ ਨਾ ਮਿਲੇ ਲੱਖੀਂ, ਨਾ ਹੀ ਮਿਲਣੀ ਢੋਈ ਐ .. ਬਦਲ ਗਈ ..।
————————

ਹਵਾਈ ਮਹਿਲ ਉਸਾਰੀ ਜਾਣੈ

ਇਨਸਾਫ ਨੂੰ ਖਾਂਦੀ ਰਿਸ਼ਵਤ ਲੋਕੋ, ਚਿੰਤਾ ਉਮਰ ਨੂੰ ਖਾ ਜਾਂਦੀ।
ਕੀਤੀ ਅਕਲ ਦੇ ਨਾਲ ਪੜ੍ਹਾਈ, ਬੇੜਾ ਬੰਨ੍ਹੇ ਲਾ ਜਾਂਦੀ॥

ਗਮ ਤੂੰ ਲਾਉਣੈ ਕਿਉਂ ਜ਼ਿੰਦਗੀ ਨੂੰ, ਇਸ ਤੋਂ ਸਦਾ ਹੀ ਬਚਦਾ ਰਹਿ।
ਹਸਦਿਆਂ ਦੇ ਘਰ ਵਸਦੇ ਰਹਿਣੇ, ਹਰ ਵੇਲੇ ਹੀ ਹਸਦਾ ਰਹਿ॥
ਜ਼ਿੰਦਗੀ ਦਾ ਗੁਣ ਸਹਿਨਸ਼ੀਲਤਾ, ਸਿਧੇ ਰਾਹੇ ਪਾ ਜਾਂਦੀ ..ਕੀਤੀ..

ਕੀਮਤੀ ਮਿਲਿਆ ਜੀਵਨ ਤੈਨੂੰ, ਬਿਰਥਾ ਐਵੇਂ ਗਵਾਈਂ ਨਾ।
ਸਮਾਂ ਬਹੁਤ ਹੈ ਦਾਤ ਕੀਮਤੀ, ਭੰਗ ਦੇ ਭਾਣੇ ਲੁਟਾਈਂ ਨਾ॥
ਜਵਾਨੀ ਸਦਾ ਦੀਵਾਨੀ ਹੁੰਦੀ, ਉਲਟਾ ਵਹਿਣ ਵਿਹਾ ਜਾਂਦੀ ..ਕੀਤੀ..

ਹੋਵੇ ਕਿੰਨ੍ਹੀ ਰਾਤ ਡਰਾਉਣੀ, ਸੁਬ੍ਹਾ ਤਾਂ ਆਖਰ ਆਊਗੀ।
ਸਰਘੀ ਵੇਲੇ ਪਿੱਛੋਂ ਰੌਸ਼ਨੀ, ਆਪਣਾ ਰੰਗ ਵਿਖਾਊਗੀ॥
ਰਹਿਣਾ ਸਦਾ ਸੱਚਾਈ ਨੇ ਹੈ, ਝੂਠ ਨੂੰ ਕਰ ਤਬਾਹ ਜਾਂਦੀ ..ਕੀਤੀ..

ਰਿਸ਼ਤਿਆਂ ਦੀ ਤੰਦ ਪਤਲੀ ਮਿੱਤਰਾ, ਇਨਸਾਨ ਦੁਆਲੇ ਘੁੰਮਦੀ ਹੈ।
ਮਨ 'ਚੋਂ ਕਰੇ ਜੇ ਦੂਰ ਹਨੇਰੇ, ਕਦਮ ਤੇਰੇ ਉਹ ਚੁੰਮਦੀ ਹੈ॥
ਜੀਹਨੇ ਇਸ ਤੋਂ ਮੁੱਖ ਮੋੜਿਆ, ਕਰ ਮਿੱਟਾਂ ਵਿੱਚ ਤਬਾਹ ਜਾਂਦੀ ..ਕੀਤੀ..

ਹਵਾਈ ਮਹਿਲ ਉਸਾਰੀ ਜਾਣੈਂ, ਛੱਤ ਇਹਨਾਂ ਤੇ ਪੈਣੀ ਨਹੀ।
ਸੁੰਦਰਤਾ ਨਿਆਮਤ ਐਸੀ, ਸਦਾ ਸਦਾ ਜੋ ਰਹਿਣੀ ਨਹੀਂ॥
ਜਾਂਦੀ ਜਾਂਦੀ ਪਾ ਚੱਕਰਾਂ ਵਿੱਚ, ਰੋਗ ਅਵੱਲਾ ਲਾ ਜਾਂਦੀ ..ਕੀਤੀ..

'ਸ਼ਰਮੇ ਦੱਦਾਹੂਰੀਏ' ਦੀ ਗੱਲ, ਬਹਿਕੇ ਕਿਤੇ ਵਿਚਾਰੀ ਤੂੰ।
ਨਿਰਣਾ ਕਰੀ ਤੂੰ ਸੋਚ ਸਮਝ ਕੇ, ਜ਼ਿੰਦਗੀ ਫਿਰ ਸੰਵਾਰੀ ਤੂੰ॥
ਨਿਆਣਿਆਂ ਵੱਲੋਂ ਕੀਤੀ ਕਦੇ, ਸਿਆਣਿਆਂ ਨੂੰ ਸਮਝਾ ਜਾਂਦੀ ..ਕੀਤੀ..।
————————

ਸਮਝੇ ਨਾ ਬੰਦੇ ਨੂੰ ਬੰਦਾ

ਜੱਗ ’ਚੋਂ ਖੁਸ਼ੀਆਂ ਭਾਲੇ ਸੱਜਣਾ। ਸਵਾਸਾਂ ਨੂੰ ਕਿਉਂ ਗਾਲੇਂ ਸੱਜਣਾ॥
ਭਾੜੇ ਮਿਲੀ ਹੈ ਜਿੰਦਗੀ ਤੈਨੂੰ, ਨਹੀ ਦੁਨੀਆਂ ਤੇ ਰਹਿਣਾ।
ਚੰਗੇ ਕੰਮ ਕਰ ਬੰਦਿਆ ਇਹ ਮਿਲਿਆ ਵੇਸ਼ ਕੀਮਤੀ ਗਹਿਣਾ॥

ਰੋਹਬ ਰੱਖੇ ਪਰਿਵਾਰ ਦੇ ਵਿੱਚ ਤੂੰ। ਫੁੱਲਿਆਂ ਫਿਰੇਂ ਹੰਕਾਰ ਦੇ ਵਿੱਚ ਤੂੰ॥
ਰਹਿਣਾ ਸਿੱਖ ਸੰਸਾਰ ਦੇ ਵਿੱਚ ਤੂੰ, ਮੰਨ ਗੁਰੂਆਂ ਦਾ ਕਹਿਣਾ.. ਚੰਗੇ ਕੰਮ..

ਦੂਜਿਆਂ ਦਾ ਹੱਕ ਖਾਈ ਜਾਵੇਂ। ਮਾੜੇ ਨੂੰ ਦਬਕਾਈ ਜਾਵੇਂ॥
ਆਪਣਾ ਫਰਜ਼ ਭੁਲਾਈ ਜਾਵੇ, ਤੈਨੂੰ ਦੁੱਖ ਉਠਾਉਣਾ ਪੈਣਾ.. ਚੰਗੇ ਕੰਮ..

ਕੁਦਰਤ ਸਮਝੇਂ ਮੁੱਠ ਵਿੱਚ ਮੇਰੇ। ਵੱਡੇ ਬਹੁਤ ਭੁਲੇਖੇ ਤੇਰੇ॥
ਜੋ ਵਾਧੂ ਐਵੇਂ ਦੁੱਖ ਸਹੇੜੇ, ਮਹਿਲ ਆਸਾਂ ਦਾ ਢਹਿਣਾ.. ਚੰਗੇ ਕੰਮ..

ਮਾਇਆ ਨੂੰ ਈਮਾਨ ਤੂੰ ਸਮਝੇਂ। ਏਸੇ ਨੂੰ ਭਗਵਾਨ ਤੂੰ ਸਮਝੇਂ॥
ਈਸ਼ਵਰ ਅੱਲਾ ਰਾਮ ਤੂੰ ਸਮਝੇਂ, ਵਹਿਮ ਇਹ ਛੱਡਣਾ ਪੈਣਾ.. ਚੰਗੇ ਕੰਮ..

ਸਮਝੇਂ ਨਾ ਬੰਦੇ ਨੂੰ ਬੰਦਾ। ਪੈਸੇ ਲਈ ਫੜਿਆ ਇਹ ਧੰਦਾ॥
ਫੇਰੇਂ ਸਦਾ ਦੋ ਮੂੰਹਾਂ ਰੰਦਾ, ਕੀ ਮਾਇਆ ਤੋਂ ਲੈਣਾ.. ਚੰਗੇ ਕੰਮ..

ਤੈਨੂੰ ਉੱਥੇ ਕੁਝ ਨਾ ਸੁੱਝਣਾ। ਨਾਮ ਬਿਨ੍ਹਾਂ ਨਾ ਕਿਸੇ ਵੀ ਪੁੱਛਣਾ॥
ਕੋਈ ਵੀ ਰਿਸ਼ਤੇਦਾਰ ਨਾ ਢੁੱਕਣਾ, ਵੱਸ ਜਮਾਂ ਦੇ ਪੈਣਾ.. ਚੰਗੇ ਕੰਮ..

ਹੋਣੈ ਜੋ ਵਿੱਚ ਲਿਖਿਆ ਕਰਮਾਂ। ਰਹਿ ਨਾ ਜਾਵੀਂ ਵਿੱਚ ਤੂੰ ਭਰਮਾਂ॥
‘ਦੱਦਾਹੂਰੀਆ’ ਆਖੇ ਸ਼ਰਮਾ, ਤੈਨੂੰ ਵਾਰ ਵਾਰ ਨਾ ਕਹਿਣਾ.. ਚੰਗੇ ਕੰਮ..।
————————

ਲੋਕ ਪੱਖੀ ਸੋਚ

ਨਾ ਕਿਸੇ ਵਿੱਚ ਕਢੀਏ ਕਦੇ ਨਘੋਚ ਨੂੰ।
ਹਾਂ ਪੱਖੀ ਰੱਖੀਏ ਜੀ ਸਦਾ ਸੋਚ ਨੂੰ॥
ਲਾ ਦਿੰਦੀ ਬੇੜਾ ਓਹੋ ਪਾਰ ਦੋਸਤੋ।
ਜਿੰਦਗੀ ‘ਚ ਰਹੀਏ ਨਾ ਉਦਾਸ ਦੋਸਤੋ॥

ਕਰ ਲਈਏ ਸਿੱਧੀ ਨੀਤ ਨਾਲ ਕੰਮ ਜੀ।
ਲੁਕ ਛਿਪ ਕਦੇ ਨਾ ਬਚਾਈਏ ਚੰਮ ਜੀ॥
ਮਨ ਵਿੱਚ ਰੱਖੀਏ ਨਾ ਖਾਰ ਦੋਸਤੋ।
ਜਿੰਦਗੀ ‘ਚ ਰਹੀਏ ਨਾ ਉਦਾਸ ਦੋਸਤੋ॥

ਠੱਗੀਆਂ ਦਾ ਹਰ ਪਾਸੇ ਹੋਇਆ ਦੌਰ ਜੀ।
ਜਾਇਆ ਜੋ ਨਾ ਠੱਗੇ ਇਹੇ ਰੱਖੋ ਗੌਰ ਜੀ॥
ਰਹਿੰਦੇ ਚੜ੍ਹੇ ਘੋੜੇ ਸਭ ਨੇ ਸਵਾਰ ਦੋਸਤੋ।
ਜਿੰਦਗੀ ‘ਚ ਰਹੀਏ ਨਾ ਉਦਾਸ ਦੋਸਤੋ॥

ਜੱਗ ਵਿੱਚ ਮੁੱਲ ਉਨ੍ਹਾਂ ਦਾ ਹੀ ਪੈਂਦਾ ਹੈ।
ਜੋ ਦੁਨੀਆਂ ‘ਚ ਮਸਤ ਜਿਹਾ ਹੋਕੇ ਰਹਿੰਦਾ ਹੈ॥
ਧੋਖੇਬਾਜਾਂ ਦਾ ਨਾ ਕਰੀਏ ਇਤਬਾਰ ਦੋਸਤੋ।
ਜਿੰਦਗੀ ‘ਚ ਰਹੀਏ ਨਾ ਉਦਾਸ ਦੋਸਤੋ॥

ਨਾ ਇੱਜ਼ਤ ਤੇ ਕਦੇ ਆਂਚ ਆਉਣੀ ਚਾਹੀਦੀ।
ਗੱਲ ਆਖੀ ਜੋ ਜ਼ੁਬਾਨ ਚੋਂ ਨਿਭਾਉਣੀ ਚਾਹੀਦੀ॥
ਕਿਹਾ ਦੱਦਾਹੂਰੀਏ ਦਾ ਜੇ ਸਮਝੋਂ ਨਾ ਭਾਰ ਦੋਸਤੋ।
ਤਾਂ ਜਿੰਦਗੀ ‘ਚ ਰਹੀਏ ਨਾ ਉਦਾਸ ਦੋਸਤੋ॥
————————

ਇਨਸਾਨ ਤੂੰ ਬਣ ਵਿਖਾ ਬੰਦੇ

ਧਰਮ ਬਦਲਣ ਦੇ ਵਿੱਚ ਕੀ ਰੱਖਿਆ ਏ,
ਇਕੱਲਾ ਇਨਸਾਨ ਹੀ ਬਣ ਵਿਖਾ ਬੰਦੇ।
ਸ਼ੋਸ਼ੇਬਾਜੀ ਤੂੰ ਤਰ੍ਹਾਂ ਤਰ੍ਹਾਂ ਦੀ ਕਰ ਨਾਹੀਂ,
ਫ਼ਰਜ ਇਨਸਾਨੀਅਤ ਵਾਲਾ ਨਿਭਾ ਬੰਦੇ॥
ਹੱਕ ਕਿਸੇ ਦਾ ਮਾਰ ਕੇ ਖਾਹ ਨਾਹੀ,
ਹੱਕ ਆਪਣਾ ਸਦਾ ਹੀ ਖਾਹ ਬੰਦੇ।
ਮੰਦਰ ਮਸੀਤਾਂ ਵਿੱਚ ਕਿਸ ਨੂੰ ਭਾਲਦਾ ਏ?
ਗਿਰੇਵਾਨ ਵਿੱਚ ਝਾਤੀ ਤੂੰ ਪਾ ਬੰਦੇ॥
ਆਇਆ ਜਿਸ ਕੰਮ ਲਈ ਜੱਗ ਉੱਤੇ,
ਸੱਚੇ ਦਿਲੋਂ ਉਹ ਸਭ ਪੁਗਾ ਬੰਦੇ।
ਹਿੰਦੂ ਮੁਸਲਿਮ ਸਿੱਖ ਇਸਾਈ ਹਨ ਭਾਈ ਭਾਈ,
ਮਾੜਾ ਬੋਲ ਨਾ ਦਿਲ ਦੁਖਾ ਬੰਦੇ॥
ਹਉਮੈਂ ਮੈਂ ਨੂੰ ਮਾਰ ਦੇ ਦਿਲ ਵਿੱਚੋਂ,
ਗੁਰੂ ਘਰ ਨੂੰ ਸੀਸ ਝੁਕਾ ਬੰਦੇ।
ਮੇਲਾ ਵੇਖਣ ਲਈ ਜਿਸ ਨੇ ਘੱਲਿਆ ਏ,
ਸਦਾ ਗੁਣ ਤੂੰ ਓਸੇ ਦੇ ਗਾ ਬੰਦੇ॥
ਮਾਨਵਤਾ ਦੀ ਭਲਾਈ ਦੇ ਕੰਮ ਕਰ ਲੈ,
ਨਾ ਤੂੰ ਕੀਮਤੀ ਸਮਾਂ ਗੁਆ ਬੰਦੇ।
ਉਹਦੇ ਹੁਕਮ ਨੂੰ ਮੰਨ ਲੈ ਸਿਰ ਮੱਥੇ,
ਨਾ ਤੂੰ ਆਪਣਾ ਹੁਕਮ ਚਲਾ ਬੰਦੇ॥
ਚੰਗੇ ਕਰਮ ਕਰ ਲੈ ਚਾਹੇ ਤੂੰ ਕਰ ਮਾੜੇ,
ਸਕਦਾ ਕੁਝ ਵੀ ਨਹੀਂ ਲੁਕਾ ਬੰਦੇ।
ਵਹੀ ਖੋਲ੍ਹ ਕਿ ਤੇਰਾ ਹਿਸਾਬ ਹੋਣਾ,
ਪੁੱਛਣਾ ਕੀ ਤੂੰ ਲਿਆਇਆ ਕਮਾ ਬੰਦੇ॥
ਧਰਮਰਾਜ ਦੇ ਸੱਚੇ ਦਰਬਾਰ ਅੰਦਰ,
ਤੂੰ ਰੱਖ ਸਕਣਾ ਨਹੀ ਕੁਝ ਛੁਪਾ ਬੰਦੇ।
'ਦੱਦਾਹੂਰੀਆ' ਹੁਣੇ ਹੀ ਭਜਨ ਕਰਲੈ,
ਗੁਣ ਸਦਾ ਹੀ ਓਸੇ ਦੇ ਤੂੰ ਗਾ ਬੰਦੇ॥
————————

ਰਹਿਮਤਾਂ ਸਤਿਗੁਰੂ ਕਰਦੇ

ਵਿਸ਼ਵਾਸ਼ ਤਾਂ ਕਰਨਾਂ ਪੈਂਦਾ, ਹਰਇੱਕ ਇਨਸਾਨ ਨੂੰ।
ਤਾਂ ਹੀ ਤਾਂ ਪਾਇਆ ਜਾਊ ਵੀਰੋ ਭਗਵਾਨ ਨੂੰ॥
ਮੀਰਾਂ ਨੇ ਜ਼ਹਿਰ ਪਿਆਲਾ ਕਰਕੇ ਵਿਸ਼ਵਾਸ਼ ਪੀਤਾ।
ਸਤਿਗੁਰੂ ਨੇ ਅਮ੍ਰਿਤ ਉਸ ਨੂੰ ਆਪਣੇ ਹੀ ਆਪ ਕੀਤਾ॥
ਨਾਗ ਨੌਂ ਲੱਖਾਂ ਹਾਰ ਬਣ ਗਿਆ ਗਲ ਦੇ ਵਿੱਚ ਪਾਣ ਨੂੰ...

ਖੇਤੀ ਦਾ ਕੰਮ ਕਰਵਾਇਆ ਧੰਨੇ ਨੇ ਰੱਬ ਦੇ ਕੋਲੋਂ।
ਪ੍ਰਹਿਲਾਦ ਜਿਹੇ ਭਗਤ ਬਚਾਏ ਵਿਸ਼ਵਾਸ਼ ਨੇ ਅੱਗ ਦੇ ਕੋਲੋਂ॥
ਹਰਨਾਖਸ਼ ਨੂੰ ਸਤਿਗੁਰੂ ਦਿੱਤਾ ਕੀੜੀ ਬਣ ਗਿਆਨ ਨੂੰ..
ਤਾਂ ਹੀ ਤਾਂ...
ਪ੍ਰਤੱਖ ਨੂੰ ਲੋੜ ਨਾਂ ਹੁੰਦੀ ਕਦੇ ਪ੍ਰਮਾਣ ਦੀ।
ਕਹਾਣੀ ਕ੍ਰਿਸ਼ਨ ਸੁਦਾਮੇ ਵਾਲੀ ਸੱਚ ਬਿਆਨ ਦੀ॥
ਜਾਣ ਲਈ ਹਾਲਤ ਸਾਰੀ ਲਾਇਆ ਜਦ ਧਿਆਨ ਨੂੰ..
ਤਾਂ ਹੀ ਤਾਂ...
ਆਪਣੇ ਭਗਵਾਨ ਦੇ ਉੱਤੇ ਭੀਲਣੀ ਨੂੰ ਮਾਨ ਸੀ।
ਤਾਂ ਹੀ ਤਾਂ ਜੂਠੇ ਬੇਰ ਖਾਧੇ ਸ੍ਰੀ ਰਾਮ ਸੀ॥
ਸੁਬਹ ਸ਼ਾਮ ਉੱਠਦੇ ਬਹਿੰਦੇ, ਜਪੋ ਰਾਮ ਨਾਮ ਨੂੰ..
ਤਾਂ ਹੀ ਤਾਂ...
ਆਪਣੇ ਜਿਹੜਾ ਇਸ਼ਟ ਦੇ ਉੱਤੇ ਕਰਦਾ ਇਤਬਾਰ ਜੀ।
ਰਹਿਮਤਾਂ ਸਤਿਗੁਰੂ ਕਰਕੇ ਲੁਟਾਉਂਦਾ ਹੈ ਪਿਆਰ ਜੀ॥
ਕਰਦਾ ਹੈ 'ਦੱਦਾਹੂਰੀਆ ਸ਼ਰਮਾ' ਸੱਚ ਬਿਆਨ ਜੀ...
ਤਾਂ ਹੀ ਤਾਂ...।
————————

ਅਸੀਂ ਓਸ ਦੇਸ਼ ਦੇ ਵਾਸੀ ਹਾਂ

ਅਸੀਂ ਓਸ ਦੇਸ਼ ਦੇ ਵਾਸੀ ਹਾਂ, ਜਿੱਥੇ ਇੱਜਤ ਗਲੀਏਂ ਰੁਲਦੀ ਏ,
ਜਿੱਥੇ ਰੇਤਾ ਪੁੜੀਏਂ ਬੱਝਦਾ ਹੈ, ਤੇ ਕੜਛੀਏਂ ਬਜਰੀ ਤੁਲਦੀ ਏ॥
ਗਰੀਬ ਨੂੰ ਪੈਂਦੇ ਧੱਕੇ ਨੇ, ਸਰਮਾਏਦਾਰੀ ਫਲਦੀ ਫੁਲਦੀ ਏ,
ਆਪ ਏ.ਸੀ ਕੋਠੀਏਂ ਵੜ ਜਾਂਦੇ, ਅਮੀਰੀ ਕਾਮੇ ਨੂੰ ਭੁਲਦੀ ਏ॥

ਅਸੀਂ ਓਸ ਦੇਸ਼ ਦੇ ਵਾਸੀ ਹਾਂ, ਜਿਥੇ ਹੱਕਾਂ ਤੇ ਡਾਕੇ ਪੈਂਦੇ ਨੇ,
ਅਮੀਰ ਥਾਲੀਏਂ ਛੱਡ ਜਾਂਦੇ, ਪਰ ਕਾਮੇ ਭੁੱਖੇ ਰਹਿੰਦੇ ਨੇ॥
ਮਜ਼ਦੂਰੀ ਜਿਨਾਂ ਨੂੰ ਨਹੀਂ ਮਿਲਦਾ, ਟੈਕੀਆਂ ਉਤੇ ਜਾ ਬਹਿੰਦੇ ਨੇ,
ਹੱਕ ਨੇ ਜਿਹੜੇ ਮੰਗਦੇ ਉਹ, ਸਰਕਾਰੀ ਡਾਂਗਾਂ ਸਹਿੰਦੇ ਨੇ॥

ਅਸੀਂ ਓਸ ਦੇਸ਼ ਦੇ ਵਾਸੀ ਹਾਂ, ਜਿੱਥੇ ਕਿਸੇ ਦਾ ਕੋਈ ਗਮਖਾਰ ਨਹੀਂ,
ਕਾਨੂੰਨ ਬਣਾਉਣ ਵਾਲੇ ਨੂੰ ਪੂਜਦੇ ਨੇ, ਪਰ ਕਾਨੂੰਨ ਨਾਲ ਸਰੋਕਾਰ ਨਹੀਂ॥
ਆਪਣੀ ਇੱਜਤ ਚਾਹੁੰਦੇ ਨੇ, ਕਰਦੇ ਕਿਸੇ ਦਾ ਕੋਈ ਸਤਿਕਾਰ ਨਹੀਂ,
ਹੱਥ ਤੇ ਹੱਥ ਮਾਰ ਕੇ ਖੋਹ ਲੈਂਦੇ,ਇੱਥੇ ਕਿਸੇ ਦਾ ਕੋਈ ਇਤਬਾਰ ਨਹੀਂ॥

ਅਸੀਂ ਓਸ ਦੇਸ਼ ਦੇ ਵਾਸੀ ਹਾਂ, ਜਿੱਥੇ ਕੁੜੀਆਂ ਨੂੰ ਨਾ ਚਾਹੁੰਦੇ ਨੇ,
ਪੈਦਾ ਹੋਣ ਤੋਂ ਪਹਿਲਾਂ ਹੀ, ਕੁੱਖਾਂ ਵਿਚ ਮਾਰ ਮੁਕਾਉਂਦੇ ਨੇ॥
ਉਂਝ ਪੂਜਾ ਕਰਦੇ ਕੰਜਕਾਂ ਦੀ,ਦਿਲੋਂ ਨਾ ਪਰ ਅਪਣਾਉਂਦੇ ਨੇ,
ਦਾਜ ਦਾ ਬਹਾਨਾ ਲਾ ਕੇ ਤੇ, ਨੂੰਹਾਂ ਨੂੰ ਪਾਰ ਬੁਲਾਉਂਦੇ ਨੇ॥

ਅਸੀਂ ਓਸ ਦੇਸ਼ ਦੇ ਵਾਸੀ ਹਾਂ, ਜਿੱਥੇ ਰਹਿਣ ਅਧੂਰੇ ਚਾਅ ਲੋਕੋ,
ਇੱਥੇ ਮਿਹਨਤ ਮਿਲਦੀ ਪੂਰੀ ਨਾ, ਤਾਂਹੀ ਬਾਹਰ ਰਹੇ ਹਾਂ ਜਾ ਲੋਕੋ॥
ਸਰਮਾਏਦਾਰੀ ਇਸ ਦੇਸ਼ ਦੀ ਨੇ,ਸਾਨੂੰ ਛੱਡਿਆ ਬਹੁਤ ਸਤਾ ਲੋਕੋ,
ਹੱਥਾਂ ਵਿਚ ਸਾਡੇ ਡਿਗਰੀਆਂ ਨੇ, ਪਰ ਉਂਗਲੀ ਰਹੇ ਨਚਾ ਲੋਕੋ॥

ਅਸੀਂ ਓਸ ਦੇਸ਼ ਦੇ ਵਾਸੀ ਹਾਂ, ਜਿੱਥੇ ਨਿਜ਼ਾਮ ਬਦਲਣ ਦੀ ਲੋੜ ਡਾਢੀ,
ਅਮੀਰ ਆਦਮੀ ਬਹੁਤ ਇੱਥੇ, ਪਰ ਇਨਸਾਨਾਂ ਦੀ ਹੈ ਥੋੜ ਡਾਢੀ॥
ਇਕ ਦੂਜੇ ਤੋਂ ਅੱਗੇ ਨਿਕਲਣ ਦੀ, ਇੱਥੇ ਲੱਗੀ ਹੋਈ ਹੋੜ ਡਾਢੀ,
ਅੱਜ ਦੀ ਗੱਲ ਜੇ ਕਰੀਏ ਤਾਂ, ਇਥੇ ਛਾਈ ਘਟਾ ਘਨਘੋਰ ਡਾਢੀ॥

ਅਸੀਂ ਓਸ ਦੇਸ਼ ਦੇ ਵਾਸੀ ਹਾਂ, ਜਿੱਥੇ ਬਖਸ਼ੀ ਗੁਰਾਂ ਅਮੀਰੀ ਏ,
ਖੁਦਗਰਜੀ ਸਾਨੂੰ ਸਾਡੀ ਨੇ, ਸਾਡੇ ਦਿੱਤੀ ਹੱਥ ਫਕੀਰੀ ਏ॥
ਏਦਾਂ ਹੋ ਪੰਜਾਬ ਕੰਗਾਲ ਜਾਣਾ, ਗੱਲ ਲੋਹੇ ਉੱਤੇ ਲਕੀਰੀ ਏ,
ਸ਼ਰਮੇ ਦੱਦਾਹੂਰੀਏ ਨੇ ਇਹੋ, ਆਖੀ ਗੱਲ ਅਖੀਰੀ ਹੈ।

————————

ਭਾਈਚਾਰਾ ਸਦਾ ਰਹੇ ਬਣਿਆ

ਆਵੇ ਨਾ ਕਿਸੇ ਤੇ ਕਦੇ ਦੁੱਖ ਮਾਲਕਾ,
ਦੁਨੀਆਂ 'ਚ ਰਹੇ ਸਦਾ ਸੁੱਖ ਮਾਲਕਾ,
ਏਕਾ ਭਾਈਚਾਰਾ ਸਦਾ ਰਹੇ ਬਣਿਆ,
ਕੱਲ੍ਹਾ ਨਾ ਉਜਾੜੀਂ ਹੋਵੇ ਰੁੱਖ ਮਾਲਕਾ...

ਤੇਰੇ ਦਰ ਦਾਤਿਆ ਘਾਟ ਨਾ ਕੋਈ।
ਜਾਵੇ ਤੇਰੇ ਦਰ ਤੋਂ ਨਿਰਾਸ਼ ਨਾ ਕੋਈ॥
ਮੁਆਫ਼ ਕਰ ਦੇਵੀਂ ਭੁੱਲ ਚੁੱਕ ਮਾਲਕਾ...

ਰਹਿਮਤਾਂ ਨਾ ਭਰ ਦੇਵੀਂ ਝੋਲੀ ਸਭਦੀ।
ਅਰਜ ਹੈ ਦਾਤਾ ਤੇਰੇ ਅੱਗੇ ਜੱਗ ਦੀ॥
ਕਿਸੇ ਚੀਜ਼ ਦੀ ਨਾ ਰਹੇ ਭੁੱਖ ਮਾਲਕਾ...

ਨਾਮ ਤੇਰੇ ਵਿੱਚ ਰੂਹਾਂ ਜਾਣ ਰੰਗੀਆਂ।
ਰਹਿਣ ਚਾਰੇ ਪਾਸੇ ਆਉਂਦੀਆਂ ਸੁਗੰਧੀਆਂ॥
ਜਾਵੇ ਦਿਲਾਂ ਵਿੱਚੋਂ ਮੇਰ ਤੇਰ ਮੁੱਕ ਮਾਲਕਾ...

ਇੱਕ ਦੂਜੇ ਕੋਲੋਂ ਦਿਲ ਦੂਰ ਰਹਿਣ ਨਾ।
ਜਾਤਾਂ ਪਾਤਾਂ ਵਾਲੇ ਵੀ ਬਿਖੇੜੇ ਪੈਣ ਨਾ॥
ਸੁੰਨੀ ਨਾ ਕਿਸੇ ਦੀ ਰਹੇ ਕੁੱਖ ਮਾਲਕਾ...

'ਦੱਦਾਹੂਰੀਏ' ਦੀ ਕਰਲੋ ਕਬੂਲ ਬੇਨਤੀ।
ਸਮਝੋ ਨਾ ਇਹੇ ਨਿਰਮੂਲ ਬੇਨਤੀ॥
ਅਰਜ ਉਹ ਕਰੇ ਝੁਕ ਝੁਕ ਮਾਲਕਾ...।
————————

ਭੋਰਾ ਫਿਕਰ ਨਹੀਂ ਸਾਨੂੰ ਆਪਣੀ ਕਿਸਮਤ ਖੋਟੀ ਦਾ

ਪਰ ਪੂਰਾ ਕਰਦਾ ਰਹੀ ਮਾਲਕਾ ਮਸਲਾ ਰੋਟੀ ਦਾ॥
ਪਾਉਣੈਂ ਮੂੰਹ ਵਿੱਚ ਆਪੇ ਸਭਦੇ ਅੰਨ ਦਾਤਿਆ ਤੂੰ।
ਕਹੇ ਲੁਕਾਈ ਇਸੇ ਲਈ ਹੀ ਧੰਨ ਦਾਤਿਆ ਤੂੰ॥

ਸਭ ਇਕੋ ਜਿਹੇ ਇਨਸਾਨ ਤੇ ਕਿਸਮਤ ਵੱਖੋ ਵੱਖਰੀ ਐ।
ਕੋਈ ਮਹਿਲਾਂ ਦੇ ਵਿਚ ਰਹਿੰਦਾ, ਕਿਸੇ ਕੋਲੇ ਛਪਰੀ ਐ॥
ਸਭ ਨੂੰ ਰੱਖੇ ਹਰ ਵੇਲੇ ਪ੍ਰਸੰਨ ਦਾਤਿਆ ਤੂੰ .. ਕਹੇ..

ਤੇਰੀ ਦਿੱਤੀ ਦਾਤ ਤੇ ਕਿੰਤੂ ਪ੍ਰੰਤੂ ਕਰੀਏ ਕਿਉਂ।
ਸੱਤ ਕਰਕੇ ਮੰਨ ਜਾਈਏ ਐਵੇਂ ਡਹਿ 2 ਮਰੀਏ ਕਿਉਂ॥
ਦੁਖ ਸੁਖ ਦੇ ਵਿੱਚ ਬਹੁੜੇਂ ਸਭ ਕੁਝ ਭੰਨ ਦਾ ਦਾਤਿਆ ਨੂੰ.. ਕਹੇ..

ਸਬਰ ਨਹੀਂ ਕਰਦਾ ਕੋਈ ਤਾਂ ਮਹਿਲੀਂ ਰਹਿ ਕੇ ਵੀ।
ਕੋਈ ਕਰੇ ਗੁਜ਼ਾਰਾ ਨੀਲੀ ਤੇਰੀ ਛਾਂ ਵਿੱਚ ਪੈਕੇ ਵੀ॥
ਕਿਸੇ ਨੂੰ ਹੱਥੀਂ ਪਾਕੇ ਦੇਵੇ ਛੰਨ ਦਾਤਿਆ ਤੂੰ.. ਕਹੇ..

ਲਿਖਤੇ ਖੋਟੇ ਕਰਮ ਨਾ ਕਦੇ ਵੀ ਕਹਿਣਾ ਚਾਹੀਦਾ।
ਰਜ਼ਾ 'ਚ ਰਾਜ਼ੀ ਰਹਿਕੇ ਦੁਖ ਸੁਖ ਸਹਿਣਾ ਚਾਹੀਦਾ॥
ਅਣਜਾਨ ਅਸੀ ਹਾਂ ਸਾਨੂੰ ਨਾ ਲਾਈਂ ਡੰਨ ਦਾਤਿਆ ਤੂੰ.. ਕਹੇ..

ਉਤਮ ਜੂਨੀ ਬਖਸ਼ੀ ਤੂੰ ਇਨਸਾਨ ਬਣਾ ਦਿੱਤਾ।
ਲੱਖ ਚੁਰਾਸੀ ਜੂਨੀ ਦਾ ਮਹਿਮਾਨ ਬਣਾ ਦਿੱਤਾ॥
ਸਜਦਾ ਕਰਨ ਲਈ ਦਿੱਤਾ ਸਾਨੂੰ ਬੰਨ੍ਹ ਦਾਤਿਆ ਤੂੰ.. ਕਹੇ..

ਅਹਿਸਾਨ ਤੇਰਾ ਤਾਂ ਸਾਥੋਂ ਕਦੇ ਚੁਕਾਇਆ ਜਾਣਾ ਨਾ।
ਫਰਜ਼ ਲੁਕਾਈ ਤੋਂ ਤਾਂ ਪੂਰਾ ਨਿਭਾਇਆ ਜਾਣਾ ਨਾ॥
ਅਰਜ਼ ਦੱਦਾਹੂਰੀਏ ਸ਼ਰਮੇ ਦੀ ਲਈ ਮੰਨ ਦਾਤਿਆ ਤੂੰ.. ਕਹੇ..।
————————————

ਪੱਪਾ (ਪੈਸੇ ਦੀ ਮਹੱਤਤਾ)

ਪੱਪੇ ਨੂੰ ਪਿਆਰ ਹੈ ਕਰਦੀ , ਬਹੁਤਾ ਸਤਿਕਾਰ ਹੈ ਕਰਦੀ।
ਪੱਪੇ ਬਿਨ ਰਹੇ ਅਧੂਰੀ, ਪੱਪੇ ਪਿੱਛੇ ਡਹਿ ਡਹਿ ਮਰਦੀ॥
ਦੁਨੀਆ ਬਹੁ ਰੰਗੀ ਜੀ,
ਪੱਪੇ ਨੂੰ ਸਮਝੇ ਆਖ਼ਰ, ਇਹੀ ਮੇਰਾ ਸੰਗੀ ਜੀ...

ਪਤਨੀ ਨੂੰ ਅੱਖਰ ਪਹਿਲਾ ਪੱਪਾ ਹੀ ਲੱਗਦਾ ਹੈ।
ਪੁੱਤਰ ਦੇ ਮੋਹ ਵਿੱਚ ਬੰਦਾ ਨੱਚਦਾ ਤੇ ਟੱਪਦਾ ਹੈ॥
ਮਾਨ ਵਿੱਚ ਆਖੇ ਦਾਤੇ ਬਖਸ਼ਿਆ ਭੁਚੰਗੀ ਜੀ..ਪੱਪੇ...

ਪੁੱਤਰੀ ਜਦੋਂ ਪੈਦਾ ਹੁੰਦੀ ਪੈ ਜਾਂਦਾ ਸੋਗ ਬਈ।
ਮੰਜੇ ਤੋਂ ਉਠ ਨਾ ਹੋਵੇ, ਲੱਗਾ ਜਿਵੇਂ ਰੋਗ ਬਈ॥
ਬੰਦੇ ਦੀ ਸੋਚ ਜੋ ਮਾੜੀ ਹੋ ਜਾਂਦੀ ਨੰਗੀ ਜੀ..ਪੱਪੇ...

ਪ੍ਰਸੰਸਾ ਦਾ ਭੁੱਖਾ ਬੰਦਾ, ਹਰ ਵੇਲੇ ਚਹੁੰਦਾ ਹੈ।
ਕਰਦੈ ਵਡਿਆਈ ਜਿਹੜਾ ਗੁਣ ਉਹਦੇ ਗਾਉਂਦਾ ਹੈ॥
ਸੋਭਾ ਕਰਵਾਉਂਣੀ ਉਹਨੂੰ ਲੱਗਦੀ ਹੈ ਚੰਗੀ ਜੀ..ਪੱਪੇ...

ਪੱਪੇ ਨਾਲ ਪੱਤਣ ਹੋਜੂ ਆਖਿਰ ਸੰਸਾਰ ਤੋਂ।
ਬਚ ਜਾਹ ਤੂੰ ਹਾਲੇ ਵੀ ਬੰਦਿਆ ਪੱਪੇ ਦੇ ਪਿਆਰ ਤੋਂ॥
ਸਫ਼ਲ ਹੋਊ ਜਿੰਦਗੀ ਜੇਕਰ ਨਾਮ ਵਿੱਚ ਰੰਗੀ ਜੀ..ਪੱਪੇ...

ਪੱਪਾ ਪਛਤਾਵਾ ਪਿੱਛੋਂ ਰਹਿ ਜਾਣਾ ਕੋਲ ਉਏ।
ਵਾਂਗ ਪਤਾਸੇ ਬੋਲੀਂ ਮਿੱਠੇ ਤੂੰ ਬੋਲ ਉਏ॥
'ਦੱਦਾਹੂਰੀਆ' ਜਮਾਂ ਨੇ ਘੁੱਟਣੀ ਆਖਰ ਨੂੰ ਸੰਘੀ ਜੀ..ਪੱਪੇ...।
————————————

ਇਕ ਓਹਦੇ ਨਾਮ ਤੋਂ ਬਿਨਾ

ਰੱਖੀਂ ਨੀਯਤ ਤੂੰ ਸਾਫ਼, ਇਕੋ ਮਾਲਕ ਤੇ ਆਸ,
ਰਹਿਣਾ ਘਾਟਾ ਨਹੀਂ ਜਿੰਦਗੀ 'ਚ ਕੋਈ,
ਇਕ ਓਹਦੇ ਨਾਮ ਤੋਂ ਬਿਨਾ,
ਤੈਨੂੰ ਮਿਲਣੀ ਨਹੀਂ ਦਰਗਾਹ 'ਚ ਢੋਈ.. ਇਕ...

ਉਹਤੋਂ ਮੰਗੀਏ ਤਾਂ ਹੋਣੀਆਂ ਮੁਰਾਦਾਂ ਪੂਰੀਆਂ।
ਨਹੀਓਂ ਆਸਾਂ ਕਦੇ ਵੀਰਾ ਰਹਿਣੀਆਂ ਅਧੂਰੀਆਂ॥
ਮਨ ਪਿੱਛੇ ਲੱਗ ਕੇ ਉਮਰ ਗਈ ਬੀਤ,
ਜਾਵੇ ਸੁੱਧ ਬੁੱਧ ਬੰਦਿਆ ਕਿਉਂ ਖੋਈ .. ਇਕ...

ਦੇਕੇ ਪਛਤਾਵੇ ਨਾ ਜੋ ਉਹਦੇ ਕੋਲੋਂ ਮੰਗੀਏ।
ਮੰਗਣ ਦੇ ਵੇਲੇ ਬੰਦੇ ਕਦੇ ਵੀ ਨਾ ਸੰਗੀਏ॥
ਥਾਂ ਥਾਂ ਉਤੇ ਐਵੇਂ ਕਾਹਤੋਂ ਝੋਲੀਆਂ ਫੈਲਾਵੇਂ,
ਲਹਿ ਗਈ ਕਿਉਂ ਸ਼ਰਮ ਵਾਲੀ ਲੋਈ .. ਇਕ...

ਪੱਕਾ ਜੇ ਯਰਾਨਾ ਲਾਵੇ ਇੱਕ ਦੇ ਤੂੰ ਨਾਲ।
ਉਹੋ ਹਰ ਥਾਂ ਤੇ ਆਪੇ ਤੇਰੀ ਕਰੂਗਾ ਸੰਭਾਲ॥
ਇਕੋ ਦੇ ਜੋ ਹੋਕੇ ਰਹਿੰਦੇ ਕਰਦੇ ਯਕੀਨ,
ਭਵਸਾਗਰ 'ਚੋਂ ਤਰਦੇ ਨੇ ਸੋਈ .. ਇਕ...

ਕਮੀ ਨਹੀਂ ਛੱਡਦਾ ਜੋ ਯਾਦ ਉਹਨੂੰ ਰੱਖਦਾ।
ਜਰ੍ਹੇ ਜਰ੍ਹੇ ਦੇ ਉਹ ਬੰਦੇ ਅੰਗ ਸੰਗ ਵਸਦਾ॥
ਯਾਦ ਨਾ ਜੇ ਰੱਖਿਆ ਤਾਂ ਪੱਕੀ ਇਹੇ ਗੱਲ,
ਜਾਊ ਜ਼ਿੰਦਗੀ ਇਹ ਗਮਾਂ 'ਚ ਪਰੋਈ .. ਇਕ...

'ਦੱਦਾਹੂਰ' ਵਾਲੇ ਗੱਲਾਂ ਲਿਖੀਆਂ ਨੇ ਸੱਚੀਆਂ।
ਜੀਹਨੂੰ ਰੱਬ ਨਾਲ ਪਿਆਰ ਗੱਲਾਂ ਉਹਨੂੰ ਇਹੇ ਜੱਚੀਆਂ॥
ਜੋ ਨੇਮ ਨਾਲ ਕਰੇ ਬੰਦਾ ਸਿਮਰਨ ਬਹਿਕੇ,
ਦੇਹੀ ਰਹਿਣੀ ਉਹਦੀ ਨਵੀਂ ਤੇ ਨਰੋਈ .. ਇਕ...।
————————

ਕਲਮ ਨਾਲ ਹੈ ਖੁੰਢੇ ਕਰਨਾ ਜੁਲਮੀ ਤੀਰਾਂ ਨੂੰ

ਜੋ ਵਿਰਸੇ ਨੂੰ ਪ੍ਰਣਾਏ ਕਵੀ ਸਲਾਮ ਹੈ ਉਹਨਾਂ ਲਈ।
ਜੋ ਜਾਣ ਪਰੋਸੀ ਲੱਚਰਤਾ ਪੈਗਾਮ ਹੈ ਉਹਨਾਂ ਲਈ॥
ਚੰਗੀਆਂ ਲਿਖਤਾਂ ਲਿਖ ਲਿਖ ਆਪਾ ਨਾ ਚਮਕਾਉਣਾ ਹੈ।
ਜੇ ਫੜੀ ਕਲਮ ਹੱਥ ਮਿਆਰੀ ਲਿਖਕੇ ਫ਼ਰਜ ਨਿਭਾਉਣਾ ਹੈ॥

ਗੁਰੂਆਂ ਪੀਰਾਂ ਯੋਧਿਆਂ ਨੂੰ ਰਲ ਸਜਦਾ ਕਰ ਲਈਏ।
ਸਿੱਖਿਆ ਦਿੱਤੀ ਉਨ੍ਹਾਂ ਦੀ ਜੋ ਮਨ ਲਾ ਪੜ੍ਹ ਲਈਏ॥
ਕਰਨੈ ਅਮਲ ਤੇ ਉਸੇ ਨੂੰ ਹੀ ਦਿਲੀਂ ਵਸਾਉਣਾ ਹੈ..ਜੇ..

ਕਲਮ ਨਾਲ ਹੈ ਖੁੰਢੇ ਕਰਨਾ ਜੁਲਮੀ ਤੀਰਾਂ ਨੂੰ।
ਹੌਂਸਲਾ ਦੇਣਾ ਵਾਰਾਂ ਲਿਖ ਲਿਖ ਫੌਜੀ ਵੀਰਾਂ ਨੂੰ॥
ਉਨ੍ਹਾਂ ਨਾਲ ਦਲੇਰੀ ਵਿਹੜੇ ਵੈਰੀ ਦੇ ਭੜਥੂ ਪਾਉਣਾ ਹੈ..ਜੇ..

ਬੁਰਾਈ ਭਰੂਣ ਹੱਤਿਆ ਨਸ਼ਿਆਂ ਨੂੰ ਇਹ ਕਲਮ ਬਿਆਨ ਕਰੇ।
ਭੈਅ ਰੱਖੇ ਨਾ ਕੋਈ ਸੱਚੋ ਸੱਚ ਬਿਆਨ ਕਰੇ॥
ਇਸ ਹਥਿਆਰ ਨਾ ਇਨ੍ਹਾਂ ਨੂੰ ਵੀ ਮਾਰ ਭਜਾਉਣਾ ਹੈ..ਜੇ..

ਜੇ ਬਣੇ ਲਿਖਾਰੀ ਨਿਧੜਕ ਹੋ ਉਜਾਗਰ ਕਰੋ ਬੁਰਾਈ ਨੂੰ।
ਅੱਖਰਾਂ ਰਾਹੀਂ ਸਮਾਜ ਦੀ ਪ੍ਰਗਟ ਕਰੋ ਸੱਚਾਈ ਨੂੰ॥
ਚੰਗਿਆਈਆਂ ਦਾ ਵੀ ਇਸੇ ਕਲਮ ਨੇ ਬੂਟਾ ਲਾਉਣਾ ਹੈ..ਜੇ..

ਲਿਖਣੀ ਗੱਲ ਲੁਕਾਈ ਦੀ ਪਰ ਵਿਰਸਾ ਭੁੱਲਣਾ ਨਹੀਂ।
ਸੱਭਿਆਚਾਰ ਪੁਰਾਣਾ ਛੱਡ ਪੱਛਮੀ ਵਿੱਚ ਰੁਲਣਾ ਨਹੀਂ॥
ਅਜੋਕੀ ਪੀੜ੍ਹੀ ਨੂੰ ਸੱਭ ਹੀ ਉਹੋ ਯਾਦ ਕਰਾਉਣਾ ਹੈ..ਜੇ..

ਨਾ ਸ਼ਰਮੇ ਦੱਦਾਹੂਰੀਏ ਦੀ ਗੱਲ ਦਿਲੋਂ ਭੁਲਾਇਆ ਜੋ।
ਹੈ ਸੱਚੀ ਸੋਲਾਂ ਆਨੇ ਇਸ ਨੂੰ ਭਾਂਵੇ ਅਜਮਾਇਆ ਜੋ॥
ਜੱਗ ਆਏ ਇਕ ਵਾਰੀ ਨਾ ਕਦੇ ਵੀ ਮੁੜਕੇ ਆਉਣਾ ਹੈ..ਜੇ..
————————————

ਨਸ਼ਾ

ਜਵਾਨੀ ਦਾ ਨਸ਼ਾ ਅਨੋਖਾ, ਕਰ ਦੇਵੇ ਇਸ਼ਕ 'ਚ ਅੰਨ੍ਹਾ।
ਧਰਮ ਦਾ ਨਸ਼ਾ ਵੀ ਲੋਕੋ, ਵੇਖੇ ਨਾ ਪਟੜੀ ਬੰਨਾ॥
ਗੱਭਰੂ ਨੂੰ ਨਸ਼ਾ ਵਿਆਹ ਦਾ, ਲਿਆ ਦੇਵੇ ਲੋਰ ਬਈ..
ਉਚੇ ਕੱਦ ਵਾਲਾ ਕਹਿੰਦਾ, ਨਾ ਮੇਰੇ ਜਿਹਾ ਹੋਰ ਬਈ..

ਸਿਆਸਤ ਦਾ ਨਸ਼ਾ ਜੇ ਚੜ੍ਹਜੇ, ਬਿਲਕੁਲ ਵੀ ਲਹਿੰਦਾ ਨਹੀਂ।
ਅਸਲੇ ਦਾ ਨਸ਼ਾ ਹੈ ਜਿਸਨੂੰ, ਟਿਕ ਕੇ ਉਹ ਬਹਿੰਦਾ ਨਹੀਂ॥
ਅਹੁਦੇ ਦਾ ਨਸ਼ਾ ਹੈ ਤੁਰਦਾ, ਵੱਖਰੀ ਜਿਹੀ ਤੋਰ ਬਈ.. ਗੱਭਰੂ..

ਸੋਹਣੇ ਨੂੰ ਨਸ਼ਾ ਹੈ ਹੁੰਦਾ, ਉਹਦਾ ਕੋਈ ਸਾਨੀ ਨਾ।
ਚੰਗਾ ਜੋ ਚਿਤਵੇ ਦਿਲ ਵਿੱਚ, ਹੁੰਦੀ ਕਦੇ ਹਾਨੀ ਨਾ॥
ਨਸ਼ਾ ਜੀਹਨੂੰ ਬਾਹਰ ਜਾਣ ਦਾ, ਵੱਖਰੀ ਹੁੰਦੀ ਟੌਹਰ ਬਈ.. ਗੱਭਰੂ..

ਮਿੱਤਰ ਨੂੰ ਮਿੱਤਰ ਮਿਲਜੇ, ਨਸ਼ਾ ਹਕੀਕੀ ਹੁੰਦਾ।
ਗਵਾਂਢੀ ਨਾਲ ਲੜੇ ਗਵਾਂਢੀ, ਨਸ਼ਾ ਸ਼ਰੀਕੀ ਹੁੰਦਾ॥
ਖੇਡਾਂ ਵਿੱਚ ਤਗਮਾ ਜਿੱਤਣ ਦਾ, ਨਸ਼ਾ ਸਿਰਮੌਰ ਬਈ.. ਗੱਭਰੂ..

ਦੁਨੀਆਂ ਵਿੱਚ ਨਾਮ ਬਣਾ ਲਏ, ਨਸ਼ਾ ਜੀਹਨੂੰ ਗਾਉਣ ਦਾ।
ਵੱਖਰਾ ਹੀ ਨਸ਼ਾ ਦੋਸਤੋ, ਪੜ੍ਹਨ ਪੜ੍ਹਾਉਣ ਦਾ॥
ਲਿਖਾਰੀ ਦੀ ਅਕਸਰ ਹੁੰਦੀ, ਨਿਗਾਹ ਕਮਜ਼ੋਰ ਬਈ.. ਗੱਭਰੂ..

ਭਗਤੀ ਦੇ ਨਸ਼ੇ ਵਾਲੀ ਦੀ, ਦੁਨੀਆਂ ਨਿਆਰੀ ਹੁੰਦੀ।
ਨਸ਼ਾ ਜੀਹਨੂੰ ਦੇਸ਼ ਪਿਆਰ ਦਾ, ਚੜ੍ਹਦੀ ਖੁਮਾਰੀ ਹੁੰਦੀ॥
ਚੁਗਲੀ ਦਾ ਨਸ਼ਾ ਹੈ ਜੀਹਨੂੰ, ਹੁੰਦਾ ਕੰਮ ਚੋਰ ਜੀ.. ਗੱਭਰੂ..

ਨਸ਼ਾ ਇਕ ਗੁੰਡਾਗਰਦੀ, ਗਿਨਣਾ ਹੀ ਰਹਿ ਗਿਆ ਸੀ।
ਅੱਜ ਦੀ ਉਹ ਨਵੀਂ ਪੀੜ੍ਹੀ ਦੇ, ਹੱਡਾਂ ਵਿੱਚ ਬਹਿ ਗਿਆ ਜੀ॥
ਸ਼ਰਮਾ ਜੋ ਦੱਦਾਹੂਰੀਆ ਲਿਖਦੈ ਕਰ ਗੌਰ ਬਈ.. ਗੱਭਰੂ..।

————————————

ਆਪੀ ਦੀ ਮਚਾ ਕੇ ਤੈਨੂੰ ਆਪੇ ਪਊ ਸੇਕਣੀ

ਧੋਖੇਬਾਜ ਦੁਨੀਆਂ ਹੈ ਅੱਜਕੱਲ੍ਹ ਸਾਰੀ ਹੋਈ, ਝੂਠਾ ਮੂਠਾ ਦਿੰਦੀ ਧਰਵਾਸ।
ਆਪ ਦੀ ਮਚਾ ਕੇ ਤੈਨੂੰ ਆਪੇ ਪਊ ਸੇਕਣੀ, ਕਿਸੇ ਦੀ ਨਾਂ ਰੱਖੀ ਵੀਰਾ ਆਸ॥

ਹੱਥਾਂ ਉੱਤੇ ਹੱਥ ਮਾਰ ਲੁੱਟੀ ਜਾਂਦੇ ਸਭ ਹੀ, ਘੋਰ ਕਲਯੁਗ ਵੇਖੋ ਆ ਗਿਆ।
ਇੱਕ ਪੇਟੋਂ ਪੈਦਾ ਹੋਕੇ ਤਰਸ ਨਹੀ ਕਰਦੇ, ਭਾਈ ਨੂੰ ਭਾਈ ਹੈ ਵੇਖੋ ਖਾ ਰਿਹਾ॥
ਪੈਸੇ ਪਿੱਛੇ ਹੋਈ ਜਾਂਦੇ ਆਪਣੇ ਬੇਗਾਨੇ ਸਭ, ਜਿੰਨ੍ਹਾਂ ਨੂੰ ਸਮਝਿਆ ਸੀ ਖਾਸ ...
ਆਪ ਦੀ.....

ਆਪਦੇ ਹੀ ਹੱਥਾਂ ਨਾਲ ਕਾਜ ਸੰਵਾਰਦੇ ਜੋ, ਜੱਗ ਵਿੱਚ ਪਾਂਵਦੇ ਉਹ ਮਾਨ ਜੀ।
ਹੱਕ ਅਤੇ ਸੱਚ ਦੀ ਜੋ ਕਰਕੇ ਕਮਾਈ ਖਾਂਦੇ, ਉਹੋ ਬਣ ਜਾਂਦੇ ਨੇ ਮਹਾਨ ਜੀ॥
ਕਰਦੇ ਭਰੋਸਾ ਜਿਹੜੇ ਆਪਣੇ ਇਸ਼ਟ ਉੱਤੇ, ਜਿੰਦਗੀ 'ਚ ਹੁੰਦੇ ਨਾ ਨਿਰਾਸ਼...
ਆਪ ਦੀ.....

ਕਿਸੇ ਤੋਂ ਨਾ ਖੋਹ ਕੇ ਖਾਵੀਂ ਕਿਸੇ ਦਾ ਵੀ ਹੱਕ ਵੀਰਾ, ਮਿਹਨਤ 'ਚ ਰੱਖੀ ਵਿਸ਼ਵਾਸ਼ ਤੂੰ।
ਖੂਨ ਤੇ ਪਸੀਨੇ ਦੀ ਕਰਕੇ ਕਮਾਈ ਬੰਦੇ, ਦੇ ਲਵੀਂ ਦਿਲੀ ਧਰਵਾਸ ਤੂੰ॥
ਚੁੰਝ ਜੀਹਨੇ ਦਿੱਤੀ ਉਹਨੂੰ ਖਾਣ ਨੂੰ ਵੀ ਦੇਵੇਗਾ ਹੀ, ਮਾਲਿਕ ਨੂੰ ਸਮਝੀਂ ਤੂੰ ਪਾਸ...
ਆਪ ਦੀ.....

ਰੱਖੀਂ ਤੂੰ ਭਰੋਸਾ ਦਸਾਂ ਨਹੁੰਆਂ ਦੀ ਕਮਾਈ ਉੱਤੇ, ਗੁਰੂਆਂ ਦੀ ਬਾਣੀ ਫਰਮਾਉਂਦੀ ਐ।
ਆਪਣੇ ਹੀ ਹੱਥਾਂ ਨਾਲ ਕਾਜ ਸਵਾਰ ਲਵੋ, ਸਭਨਾਂ ਨੂੰ ਇਹੋ ਸਮਝਾਉਂਦੀ ਐ॥
ਕਿਸੇ ਦੀ ਤੂੰ ਆਸ ਰੱਖ ਲਵੀਂ ਨਾ ਗਵਾ ਬੰਦੇ, ਆਪਣੇ ਉੱਤੋਂ ਵੀ ਵਿਸ਼ਵਾਸ਼...
ਆਪ ਦੀ.....

ਮਿਹਨਤਾਂ ਨੂੰ ਕਰਦੀ ਸਲਾਮ ਕੁਲ ਦੁਨੀਆਂ, ਹੱਥਾਂ ਨਾਲ ਯੁਗ ਪਲਟਾਇਆ ਹੈ।
ਹਜ਼ਾਰਾਂ ਨੇ ਉਦਾਹਰਨਾਂ ਇਹ ਜੱਗ ਵਿੱਚ, 'ਦੱਦਾਹੂਰ' ਵਾਲੇ ਨੇ ਸੁਣਾਇਆ ਹੈ॥
ਬਰਕਤਾਂ ਚੁੰਮਦੀਆਂ ਪੈਰ ਸਦਾ ਉਸਦੇ ਹੀ, ਕਰਦੈ ਜੋ ਬੰਦਾ ਅਭਿਆਸ...
ਆਪ ਦੀ.....

——————————

ਦਾਤਾ ਹੱਥ ਦੇਕੇ ਲਵੀਂ ਤੂੰ ਬਚਾਅ

ਇਕ ਤੇਰਾ ਸਾਥ ਚਾਹੀਦੈ ਮਾਲਿਕਾ, ਨਹੀਓਂ ਕਿਸੇ ਦੀ ਵੀ ਹੋਰ ਪ੍ਰਵਾਹ।
ਝੁੱਲਦੀ ਹਨੇਰੀ ਜਿਹੜੀ ਜੱਗ ਤੇ, ਉਹਤੋਂ ਹੱਥ ਦੇ ਕੇ ਲਵੀਂ ਤੂੰ ਬਚਾਅ॥

ਮੁਨਕਰ ਹੋਗੇ ਤੇਰੀ ਹੋਂਦ ਤੋਂ, ਇਹੇ ਘੋਰ ਕਲਯੁਗ ਦੀ ਨਿਸ਼ਾਨੀ ਐ।
ਚਾਰੇ ਪਾਸੇ ਆਪੋ ਧਾਪੀ ਪੈ ਗਈ, ਇਥੇ ਕਰੀ ਜਾਂਦੇ ਸਭ ਮਨਮਾਨੀ ਐ॥
ਗੁੰਡਾਗਰਦੀ ਨੇ ਅੱਤ ਇਥੇ ਚੱਕੀ ਐ, ਭਲਾਮਾਣਸ ਬਚਾਈ ਜਾਂਦੈ ਸਾਹ
..ਝੁਲਦੀ...

ਜੱਗ ਜਨਣੀ ਦੀ ਇਜ਼ਤ ਨੂੰ ਖਤਰੈ, ਤਾਹੀਂ ਕੁੱਖਾਂ ਵਿੱਚ ਮਾਰਦੇ ਨੇ ਧੀਆਂ ਨੂੰ।
ਆਪਣਿਆਂ ਨੂੰ ਹੱਥੀਂ ਆਪੇ ਮਾਰਕੇ, ਨਵੀਆਂ ਹੀ ਪਾਈ ਜਾਂਦੇ ਲੀਹਾਂ ਨੂੰ॥
ਧੀ ਜੰਮੀ ਤੋਂ ਨੇ ਸੋਗ ਵਿੱਚ ਡੁੱਬਦੇ, ਵਿਚ ਹਵਾ ਦੇ ਨੇ ਉਡ ਜਾਂਦੇ ਚਾਅ
..ਝੁਲਦੀ...

ਤੇਰੇ ਨਾਲ ਕੀਤੇ ਵਾਅਦੇ ਭੁਲ ਗਏ, ਰਿਹਾ ਨਾ ਕਿਸੇ ਨੂੰ ਕੁਝ ਯਾਦ ਜੀ।
ਮੁਸੀਬਤਾਂ ਦੇ ਵਿੱਚ ਜਦੋਂ ਘਿਰਦੇ, ਫਿਰ ਕਰਦੇ ਨੇ ਸਭ ਫਰਿਆਦ ਜੀ॥
ਲੋਕ ਮਤਲਬੀ ਹੋਗੇ ਮੇਰੇ ਦਾਤਿਆ, ਹੱਥ ਜੋੜ ਕਹਿੰਦੇ ਬੇੜੀ ਬੰਨੇ ਲਾ
..ਝੁਲਦੀ...

ਖੁਦਕੁਸ਼ੀਆਂ ਨਾ ਜਿੰਦਗੀਆਂ ਜਾਂਦੀਆਂ, ਕਿਹੜੇ ਜਨਮ ਦੀ ਦੱਸ ਇਹੇ ਸਜ਼ਾ ਹੈ।
ਤੇਰੇ ਹੁਕਮ 'ਚ ਸਭ ਕੁਝ ਹੋ ਰਿਹਾ, ਜਿਉਣਾ ਉਨਾ ਚਿਰ ਜਿੰਨਾ ਚਿਰ ਰਜ਼ਾ ਹੈ॥
ਨਾ ਤੇਰੇ ਹੁਕਮ ਤੋਂ ਬਿਨਾ ਪੱਤਾ ਹਿੱਲਦਾ, ਸਾਨੂੰ ਭੁੱਲਿਆਂ ਨੂੰ ਪਾ ਦੇਵੀਂ ਰਾਹ
..ਝੁਲਦੀ...

ਦਾਤਾ ਸਿਧੇ ਰਾਹੇ ਪਾਦੇ ਤੂੰ ਲੁਕਾਈ ਨੂੰ, ਤੇਰੀ ਯਾਦ ਨੇ ਹੀ ਪਾਰ ਸਾਨੂੰ ਲਾਉਣਾ ਹੈ।
ਆਏ ਜਾ ਨਾ ਆਏ ਉਹੋ ਜੱਗ ਤੇ, ਤੇਰੀ ਯਾਦ ਨੂੰ ਜਿੰਨਾਂ ਵੀ ਭੁਲਾਉਣਾ ਹੈ॥
ਰਹਿੰਦਾ 'ਦੱਦਾਹੂਰ' ਵਾਲਾ ਸਦਾ ਸੋਚਦਾ, ਹੱਥ ਜੋੜ ਰਿਹੈ ਭੁੱਲਾਂ ਬਖਸ਼ਾ
..ਝੁਲਦੀ...
————————

ਪੰਜਾਬੀ ਮਾਂ ਬੋਲੀ

ਮਾਂ ਬੋਲੀ ਨੂੰ ਆਖਣ ਜਿਹੜੇ ਬਹੁਤ ਪਿਆਰੀ ਜੀ।
ਉਹੀ ਜਾਂਦੇ ਅੱਜਕੱਲ੍ਹ ਸਾਰੇ ਮਨੋਂ ਵਿਸਾਰੀ ਜੀ॥
ਵਿੱਚ ਅਖ਼ਬਾਰਾਂ ਮਾਂ ਬੋਲੀ ਲਈ ਲਾਉਣ ਬਿਆਨ ਜੋ।
ਦੁਕਾਨਾਂ ਅੱਗੇ ਬੋਰਡ ਅੰਗਰੇਜ਼ੀ ਵਿੱਚ ਲਿਖਵਾਉਣ ਉਹ॥

ਮਾਤ ਭਾਸ਼ਾ ਦਾ ਅਕਸਰ ਜਿਹੜੇ ਦਮ ਜੋ ਭਰਦੇ ਨੇ।
ਅੰਗਰੇਜ਼ੀ ਸਕੂਲਾਂ ਵਿੱਚ ਉਹ ਬੱਚੇ ਦਾਖਲ ਕਰਦੇ ਨੇ॥
ਘਰਾਂ ਦੇ ਵਿੱਚ ਵੀ ਅੰਗਰੇਜ਼ੀ ਬੋਲਣ ਲਈ ਉਕਸਾਉਂਦੇ ਜੀ।
ਐਨਾ ਪਿਆਰ ਉਹ ਮਾਤ ਭਾਸ਼ਾ ਦੇ ਨਾਲ ਜਤਾਉਂਦੇ ਜੀ॥

ਹਿੰਦੀ ਭਾਸ਼ਾ ਵੀ ਉਹੋ ਨਾਲ ਫ਼ਖਰ ਦੇ ਬੋਲਦੇ ਨੇ।
ਸ਼ਰੇਆਮ ਹੀ ਮਾਤ ਭਾਸ਼ਾ ਨੂੰ ਪੈਰਾਂ ਵਿੱਚ ਰੋਲਦੇ ਨੇ॥
ਪਸ਼ੂ ਪੰਛੀਆਂ ਦੇ ਨਾਵਾਂ ਦੀ ਪੰਜਾਬੀ ਜਾਨਣ ਨਾ।
ਬਿਨ ਫੌਟੋ ਤੋਂ ਜੀਵ ਜੰਤੂ ਨੂੰ ਪਹਿਚਾਨਣ ਨਾ॥

ਵਿਦੇਸ਼ੀ ਭਾਸ਼ਾ ਦੇ ਹੀ ਸਦਾ ਨੇ ਸੋਹਲੇ ਗਾਉਂਦੇ ਇਹ।
ਨਾ ਦੇਸੀ ਜਿਹੇ ਬੰਦੇ ਦੇ ਬਿਲਕੁਲ ਨੇੜੇ ਆਉਂਦੇ ਇਹ॥
ਮਾਂ ਬੋਲੀ ਦੀ ਦੱਸੋ ਫਿਰ ਹੋਊ ਸੰਭਾਲ ਕਿਵੇਂ?
ਪੰਜਾਬੀ ਬੰਦੇ ਦੀ ਵਿੱਚ ਪੰਜਾਬ ਦੇ ਹੋਊ ਭਾਲ ਕਿਵੇਂ?

ਵਿੱਚ ਇਤਿਹਾਸ ਦੇ ਕੌਮਾਂ ਸਦਾ ਮਾਣ ਉਹ ਪੌਂਦੀਆਂ ਨੇ।
ਆਪਣੀ ਮਾਤ ਭਾਸ਼ਾ ਨੂੰ ਜੋ ਨਾ ਦਿਲੋਂ ਭੁਲਾਉਂਦੀਆਂ ਨੇ॥
ਬੋਲੀਆਂ ਸਿੱਖੋ ਸਾਰੀਆਂ ਪਰ ਗੈਰ ਨਾ ਹਾਵੀ ਹੋ ਜਾਵੇ।
ਦਿਲ ਦੇ ਵਿੱਚੋਂ ਪੰਜਾਬੀਓ, ਮਾਂ ਬੋਲੀ ਨਾ ਖੋਹ ਜਾਵੇ॥

'ਦੱਦਾਹੂਰੀਆ ਸਲਾਮਾਂ ਹੋਣਗੀਆਂ ਤਾਂ ਪੰਜਾਬੀਆਂ ਨੂੰ।
ਆਪਣੀ ਮਾਤ ਭਾਸ਼ਾ ਸਮਝਣੀ ਪਊ ਮਾਂ ਪੰਜਾਬੀਆਂ ਨੂੰ॥
————————

ਮਨ ਦੀਆਂ

ਨਹੁੰਆਂ ਨਾਲੋਂ ਵੱਖ ਕਦੇ ਮਾਸ ਹੋਵੇ ਨਾ।
ਸੁੱਖ ਰਹੇ ਕਦੇ ਵੀ ਕੋਈ ਬੰਦਾ ਰੋਵੇ ਨਾ॥
ਡਾਢੇ ਅੱਗੇ ਇਹੀ ਫਰਿਆਦ ਦੋਸਤੋ।
ਰੱਬ ਰੱਖੇ ਹਰ ਸਮੇਂ ਯਾਦ ਦੋਸਤੋ॥

ਹੱਸਦਿਆਂ ਦੇ ਰਹਿਣਾ ਸਦਾ ਘਰ ਵੱਸਦੇ।
ਉਮਰੋਂ ਸਿਆਣੇ ਕੱਢ ਤੱਤ ਦੱਸਦੇ॥
ਸਮਾਂ ਕਿਸੇ ਤੇ ਵੀ ਆਵੇ ਨਾ ਖ਼ਰਾਬ ਦੋਸਤੋ।
ਰੱਬ ਰੱਖੇ ਹਰ ਸਮੇਂ ਯਾਦ ਦੋਸਤੋ॥

ਹੱਕ ਸੱਚ ਦੀ ਕਮਾਈ ਨਾ ਲੰਘਾਈਏ ਟਾਈਮ ਜੀ।
ਜਤ ਸਤ ਉਤੇ ਸਦਾ ਰਹੀਏ ਕਾਇਮ ਜੀ॥
ਕਦੇ ਨਿੰਦਿਆ ਦਾ ਲਈਏ ਨਾ ਸਵਾਦ ਦੋਸਤੋ।
ਰੱਬ ਰੱਖੇ ਹਰ ਸਮੇਂ ਯਾਦ ਦੋਸਤੋ॥

ਮਾੜੇ ਕੰਮੀ ਭੰਡੀ ਨਾ ਕਰਾਈਏ ਜੱਗ ਤੋਂ।
ਚੰਗੇ ਕੰਮੀ ਸ਼ੋਭਾ ਸਦਾ ਪਾਈਏ ਜੱਗ ਤੋਂ॥
ਹੈ ਇਹ ਜਿੰਦਗੀ ਦੇ ਮਿਸ਼ਨ ਦਾ ਪਾਜ ਦੋਸਤੋ।
ਰੱਬ ਰੱਖੇ ਹਰ ਸਮੇਂ ਯਾਦ ਦੋਸਤੋ॥

ਕਰੀਏ ਮਦਦ ਗਰੀਬ ਦੇ ਲਾਚਾਰ ਦੀ।
ਝੋਲੀ ਅਸੀਸ ਪਵਾਈਏ ਪਰਵਰਦਗਾਰ ਦੀ॥
ਨਾ ਕਰੋ ਮੰਦੇ ਕੰਮੀਂ ਸਮਾਂ ਬਰਬਾਦ ਦੋਸਤੋ।
ਰੱਬ ਰੱਖੇ ਹਰ ਸਮੇਂ ਯਾਦ ਦੋਸਤੋ॥

'ਦੱਦਾਹੂਰੀਆ ਤਾਂ ਫ਼ਰਜ ਨਿਭਾਈ ਜਾਂਦਾ ਹੈ।
ਲਿਖ ਫੇਸਬੁੱਕ ਉਤੇ ਦੋਸਤਾਂ ਨੂੰ ਪਾਈ ਜਾਂਦਾ ਹੈ॥
ਜਿਹੜੇ ਕਰਦੇ ਕੁਮੈਂਟ ਧੰਨਵਾਦ ਦੋਸਤੋ।
ਰੱਬ ਰੱਖੇ ਹਰ ਸਮੇਂ ਯਾਦ ਦੋਸਤੋ॥
————————

ਹਕੀਕਤ

ਦਿਨੋਂ ਦਿਨ ਮਾੜਾ ਹੈ ਸਮਾਜ ਹੋ ਰਿਹਾ।
ਝੂਠ ਬੋਲਣੇ ਦਾ ਵੀਰਨੋ ਰਿਵਾਜ ਹੋ ਗਿਆ॥
ਸਮਝੇ ਦੀਨ ਤੇ ਈਮਾਨ ਨੂੰ ਨਾ ਕੋਈ ਦੋਸਤੋ।
ਲਹਿਗੀ ਸ਼ਰਮ ਹਯਾ ਵਾਲੀ ਲੋਈ ਦੋਸਤੋ॥

ਹੱਥ ਉਤੇ ਹੱਥ ਮਾਰ ਲੁੱਟੀ ਜਾਂਦੇ ਨੇ।
ਜੜ੍ਹਾਂ ਆਪਣੀਆਂ ਹੀ ਆਪੇ ਹੱਥੀਂ ਪੁੱਟੀ ਜਾਂਦੇ ਨੇ॥
ਮਿਲਣੀ ਨਹੀਂ ਕਿਤੇ ਫਿਰ ਢੋਈ ਦੋਸਤੋ।
ਲਹਿਗੀ ਸ਼ਰਮ ਹਯਾ ਵਾਲੀ ਲੋਈ ਦੋਸਤੋ॥

ਰਿਸ਼ਤੇ ਤੇ ਨਾਤੇ ਸੱਭ ਭੁੱਲੀ ਦੁਨੀਆ।
ਇਕੋ ਮਾਇਆ ਉਤੇ ਅੱਜਕੱਲ੍ਹ ਡੁੱਲੀ ਦੁਨੀਆ॥
ਸੁੱਧ ਬੁੱਧ ਸਭ ਨੇ ਹੈ ਖੋਈ ਦੋਸਤੋ।
ਲਹਿਗੀ ਸ਼ਰਮ ਹਯਾ ਵਾਲੀ ਲੋਈ ਦੋਸਤੋ॥

ਆਪਣਿਆਂ ਨੂੰ ਵੱਢੀ ਜਾਣ ਹੱਥੀ ਆਪੇ ਜੀ।
ਕਲਯੁਗ ਦੀ ਹੁਣ ਤਾਂ ਅਖ਼ੀਰ ਜਾਪੇ ਜੀ॥
ਮਨੁੱਖਤਾ ਹੀ ਜਾਂਦੀ ਹੁਣ ਰੋਈ ਦੋਸਤੋ।
ਲਹਿਗੀ ਸ਼ਰਮ ਹਯਾ ਵਾਲੀ ਲੋਈ ਦੋਸਤੋ॥

ਇਕ ਦੂਜੇ ਕੋਲੋਂ ਲੰਘ ਜਾਣ ਪਾਸਾ ਵੱਟਕੇ।
ਦੁਨੀਆਂ 'ਚੋਂ ਪਤਾ ਨੀ ਕੀ ਜਾਣੈ ਖੱਟ ਕੇ॥
ਲੱਗੇ ਐਬਾਂ ਨੂੰ ਇਹ ਜਾਂਦੇ ਨੇ ਲਕੋਈ ਦੋਸਤੋ।
ਲਹਿਗੀ ਸ਼ਰਮ ਹਯਾ ਵਾਲੀ ਲੋਈ ਦੋਸਤੋ॥

ਜਾਪੇ ਫਰਜ਼ਾਂ ਤੋਂ ਹੋਈ ਇਨਕਾਰੀ ਦੁਨੀਆਂ।
ਵੈਰੀ ਇਕ ਦੂਜੇ ਦੀ ਹੀ ਲੱਗੇ ਸਾਰੀ ਦੁਨੀਆ॥
ਦੱਦਾਹੂਰੀਆ ਅਖ਼ੀਰ ਹੁਣ ਹੋਈ ਦੋਸਤੀ।
ਲਹਿਗੀ ਸ਼ਰਮ ਹਯਾ ਵਾਲੀ ਲੋਈ ਦੋਸਤੋ॥
————————

ਸੱਚੋ ਸੱਚ

ਜਿਉਂਦੇ ਜੀਅ ਨੂੰ ਰੋਟੀ ਵੱਲੋਂ ਤਰਸਾਈਏ ਨਾ।
ਮਰੇ ਬਾਅਦ ਕਦੇ ਲੰਗਰ ਲਗਾਈਏ ਨਾ॥
ਸਾਲ ਪਿਛੋਂ ਪੈਸੇ ਲਾਓ ਨਾ ਸਰਾਧਾਂ ਤੇ।
ਪੜਦਾ ਨਹੀਂ ਪੈਣਾ ਕੀਤੇ ਅਪਰਾਧਾਂ ਤੇ॥

ਸੁੱਕੀ ਰੋਟੀ ਜਿਉਂਦੇ ਜੀਅ ਨਸੀਬ ਹੋਈ ਨਾ।
ਕੋਈ ਅਵਾਜ਼ ਮਾਰੇ ਪੁੱਤ ਧੀ ਕਰੀਬ ਹੋਈ ਨਾ॥
ਪੱਟੀ ਨਾ ਕਰਾਈ ਵਗਦੀਆਂ ਰਾਧਾਂ ਤੇ।
ਪੜਦਾ ਨਹੀਂ ਪੈਣਾ ਕੀਤੇ ਅਪਰਾਧਾਂ ਤੇ॥

ਨਾ ਕਦੇ ਬਾਪੂ ਜੀ ਨੂੰ ਮੰਜੇ ਤੇ ਪਾਣੀ ਫੜਾਇਆ ਤੂੰ।
ਛਬੀਲ ਉਤੇ ਪਾਣੀ ਲੋਕਾਂ ਨੂੰ ਪਿਲਾਇਆ ਤੂੰ॥
ਚਾੜ੍ਹੇ ਫੁੱਲ ਦੋਸਤਾਂ ਦੀਆਂ ਲਿਹਾਜਾਂ ਤੇ।
ਪੜਦਾ ਨਹੀਂ ਪੈਣਾ ਕੀਤੇ ਅਪਰਾਧਾਂ ਤੇ॥

ਠੇਕੇ ਵਾਲੀ ਚੱਲਦੀ ਨਿੱਤ ਪਿਆਲੀ ਰਹੀ।
ਬਾਪੂ ਦੀ ਦਵਾਈ ਵੇਲੇ ਜੇਬ ਖਾਲੀ ਰਹੀ॥
ਖਰਚੇ ਤੂੰ ਨੌਟ ਜੀਭ ਦਿਆਂ ਸਵਾਦਾਂ ਤੇ।
ਪੜਦਾ ਨਹੀਂ ਪੈਣਾ ਕੀਤੇ ਅਪਰਾਧਾਂ ਤੇ॥

ਸਤਿਕਾਰ ਨਾਲ ਕਦੇ ਨਾ ਬੁਲਾਇਆ ਬਾਪੂ ਨੂੰ।
ਸਾਰੀ ਹੀ ਉਮਰ ਤੜਪਾਇਆ ਬਾਪੂ ਨੂੰ॥
ਮਾਣ ਕੀ ਹੈ ਦੱਸੋ ਐਸੀਆਂ ਔਲਾਦਾਂ ਤੇ।
ਪੜਦਾ ਨਹੀਂ ਪੈਣਾ ਕੀਤੇ ਅਪਰਾਧਾਂ ਤੇ॥

ਹੱਥੀ ਸੇਵਾ ਕਰੋ ਹੈ ਇਹ ਕਾਇਦਾ ਦੋਸਤੋ।
ਲੰਗਰਾਂ ਦਾ ਨਹੀਂ ਕੋਈ ਫਾਇਦਾ ਦੋਸਤੋ॥
'ਦੱਦਾਹੂਰੀਆ ਹੈ ਫੁੱਲ ਚੜ੍ਹਦੇ ਮੁਰਾਦਾਂ ਤੇ।
ਸੇਵਾ ਨਾਲ ਪਊ ਪਰਦਾ ਅਪਰਾਧਾਂ ਤੇ॥
————————

ਹਕੀਕਤ

ਧੋਖੇ ਵਿੱਚ ਵੀਰੋ ਨਾ ਕਿਸੇ ਨੂੰ ਰੱਖੀਏ।
ਸੋਚ ਤੇ ਵਿਚਾਰ ਕੇ ਕਰਜ਼ ਚੱਕੀਏ॥
ਔਖਾ ਹੁੰਦਾ ਸਿਰੋ ਇਹੇ ਲਹਿਣਾ ਦੋਸਤੋ।
ਸਿਆਣਿਆਂ ਦਾ ਸੱਚ ਹੈ ਕਹਿਣਾ ਦੋਸਤੋ॥

ਸਬੰਧਾਂ ਵਿੱਚ ਆਉਂਦੀ ਸਾਂਝੇ ਕੰਮੀਂ ਆਂਚ ਜੀ।
ਕੱਲਿਆਂ ਨੂੰ ਜਿਉਣ ਦੀ ਹੈ ਆਵੇ ਜਾਂਚ ਜੀ॥
ਔਖਾ ਹੁੰਦਾ ਦੁੱਖ ਪਿਛੋਂ ਸਹਿਣਾ ਦੋਸਤੋ।
ਸਿਆਣਿਆਂ ਦਾ ਸੱਚ ਹੈ ਕਹਿਣਾ ਦੋਸਤੋ॥

ਮੰਗਵੇ ਸੰਦਾਂ ਨਾਲ ਹੋਵੇ ਖੇਤੀਬਾੜੀ ਨਾ।
ਮਾਲੀ ਬਿਨਾ ਪਲੇ ਫੁੱਲਾਂ ਦੀ ਕਿਆਰੀ ਨਾ॥
ਔਖਾ ਹੁੰਦਾ ਖਾਦ ਪਾਣੀ ਪੈਣਾ ਦੋਸਤੋ।
ਸਿਆਣਿਆਂ ਦਾ ਸੱਚ ਹੈ ਕਹਿਣਾ ਦੋਸਤੋ॥

ਉਦੋਂ ਆਉਂਦੀ ਹੈ ਕੜਿੱਕੀ ਵਿੱਚ ਜਾਨ ਜੱਟ ਦੀ।
ਜਦੋਂ ਅੱਖਾਂ ਸਾਹਵੇਂ ਪੱਕੀ ਹੋਈ ਫ਼ਸਲ ਮੱਚਦੀ॥
ਨਾ ਹੀ ਝੱਖੜ 'ਚ ਪੱਲੇ ਕੁਝ ਰਹਿਣਾ ਦੋਸਤੋ।
ਸਿਆਣਿਆਂ ਦਾ ਸੱਚ ਹੈ ਕਹਿਣਾ ਦੋਸਤੋ॥

ਉਦੋਂ ਧਰਤੀ ਨਾ ਵੀਰਨੋ ਦਿੰਦੀ ਵਿਹਲ ਜੀ।
ਜਦੋਂ ਜਿੰਦਗੀ ਦਾ ਖਤਮ ਹੈ ਹੁੰਦਾ ਖੇਲ ਜੀ॥
ਸਭ ਆਸਾਂ ਦਾ ਮੁਨਾਰਾ ਉਦੋਂ ਢਹਿਣਾ ਦੋਸਤੋ।
ਸਿਆਣਿਆਂ ਦਾ ਸੱਚ ਹੈ ਕਹਿਣਾ ਦੋਸਤੋ॥

'ਦੱਦਾਹੂਰੀਆ' ਮਾਲਿਕ ਨੂੰ ਕਦੇ ਭੁਲਾਈਏ ਨਾ।
ਰਜ਼ਾ ਵਿੱਚ ਰਹਿਕੇ ਗੁਣ ਕਾਹਤੋਂ ਗਾਈਏ ਨਾ?
ਦੇਣਾ ਓਸੇ ਨੇ ਤੇ ਓਸੇ ਤੋਂ ਹੈ ਲੈਣਾ ਦੋਸਤੋ।
ਸਿਆਣਿਆਂ ਦਾ ਸੱਚ ਹੈ ਕਹਿਣਾ ਦੋਸਤੋ॥
————————

ਭਰੂਣ ਹੱਤਿਆ

ਦੇਹ ਤੂੰ ਸੋਝੀ ਮੇਰਿਆਂ ਮੀਆਂ।
ਕੁੱਖਾਂ ਦੇ ਵਿੱਚ ਮਾਰਨ ਧੀਆਂ,
ਇਨਾਂ ਦਾ ਪੈਂਦਾਂ ਕਿਵੇਂ ਆ ਹੀਆਂ,
ਪਾਪ ਕਿਉਂ ਜਾਣ ਚੜਾਈ ਇਹ।
ਮੱਤ ਮਾਰੀ ਗਈ ਕਾਹਤੋਂ,
ਬਣੇ ਕਿਉਂ ਫਿਰਨ ਕਸਾਈ ਇਹ..

ਕੰਜਕਾਂ ਪੂਜਦੇ ਘਰੀਂ ਪਤੰਦਰ,
ਵਿਖਾਵੇ ਲਈ ਇਹ ਕਰਨ ਅਡੰਬਰ।
ਪਰ ਹੈ ਪਾਪ ਇਨਾਂ ਦੇ ਅੰਦਰ,
ਘਰੀਂ ਪੁੱਤ ਹੀ ਚਹੁੰਦੇ ਨੇ।
ਕੁੱਖਾਂ ਦੇ ਵਿੱਚ ਚੈਕ ਕਰਾਕੇ,
ਹੱਥੀਂ ਕਤਲ ਕਰਾਉਂਦੇ ਨੇ..

ਵਿੱਚ ਇਹ ਜੱਗ ਦੇ ਨਾ ਚਮਕਾਉਣ,
ਪੁੱਤਾਂ ਨਾਲੋਂ ਵੱਧ ਕਮਾਉਣ।
ਉਤਪਤੀ ਜੱਗ ਦੀ ਇਹ ਵਧਾਉਣ,
ਇਹੀ ਕਲਪਨਾ ਬਣਦੀਆਂ ਨੇ।
ਬਣ ਰਾਣੀ ਝਾਂਸੀ ਵਿੱਚ ਮੈਦਾਨੇ,
ਹਿੱਕਾਂ ਤਣਦੀਆਂ ਨੇ..

ਦੁਨੀਆਂ ਵਾਲਿਓ ਕਰੋਂ ਇਤਬਾਰੀ,
ਗੁੱਡੀ ਵਿੱਚ ਅਸਮਾਨੀ ਚਾੜ੍ਹੀ।
ਨਾਲੇ ਅੰਬਰੀ ਲਾਉਣ ਉਡਾਰੀ,
ਸਿਆਸਤ ਵਿੱਚ ਵੀ ਛਾ ਗਈਆਂ।
ਐਵੇਂ ਮਾੜੀਆਂ ਜਾਓ ਬਣਾਈ,
ਨਵੇਂ ਹੀ ਪੂਰਨੇ ਪਾ ਗਈਆਂ..

ਕਹੇ 'ਦੱਦਾਹੂਰੀਆ' ਕਰੋ ਪ੍ਰਵਾਨ,
ਕੋਈ ਧੀਆਂ ਜਿਹਾ ਨਹੀਂ ਦਾਨ।
ਇਹ ਹਨ ਪੁੱਤਰਾਂ ਦੇ ਸਮਾਨ,
ਦੁਨੀਆਂ ਵਾਲਿਓ ਗੌਰ ਕਰੋ।
ਕੁੱਖਾਂ ਦੇ ਵਿੱਚ ਮਾਰਨੋਂ ਪਹਿਲਾਂ,
ਵੀਰੋ ਕੁੱਝ ਤਾਂ ਹੋਸ਼ ਕਰੋ..

————————————

ਦਿਲ ਦੇ ਵਿੱਚ ਇਹ ਧਾਰੀ ਐ

ਸਮਾਜ ਦਾ ਦਰਪਣ ਹੁੰਦੇ ਲੇਖਕ, ਲਿਖਦੇ ਸਦਾ ਭਲਾਈ ਲਈ।
ਨਾ ਹੀ ਹੁੰਦਾ ਲਾਲਚ ਕੋਈ, ਨਾ ਹੀ ਲਿਖਣ ਕਮਾਈ ਲਈ॥

ਨਵੀਆਂ ਨਵੀਆਂ ਲਿਖ ਰਚਨਾਵਾਂ ਅਖ਼ਬਾਰਾਂ ਵਿੱਚ ਛਪਵਾਉਂਦੇ ਨੇ।
ਪੜ੍ਹ ਰਚਨਾਵਾਂ ਪਾਠਕਾਂ ਵੱਲੋਂ, ਫੋਨ ਬਹੁਤ ਫਿਰ ਆਉਂਦੇ ਨੇ॥

ਕੋਈ ਗਜ਼ਲਾਂ ਗੀਤ ਰੁਬਾਈਆਂ, ਕੋਈ ਦੋਹੇ ਲਿਖਦਾ ਹੈ।
ਮੇਰੇ ਵਰਗਾ ਸਿਖ ਇਨ੍ਹਾਂ ਤੋਂ ਲਿਖਣਾ ਅਜੇ ਤਾਂ ਸਿੱਖਦਾ ਹੈ॥

ਕੋਈ ਗੁਰਸਿਖ ਬਾਣੀ ਲਿਖਕੇ, ਨਾਲ ਵਿਆਖਿਆ ਕਰਦਾ ਹੈ।
ਕਮਾਲ ਦੀ ਕਰਦਾ ਤੁਕਾ ਬੰਦੀ, ਤੇ ਰਸ ਉਹਦੇ ਵਿੱਚ ਭਰਦਾ ਹੈ॥

ਇਤਿਹਾਸ ਨੂੰ ਦਿਲਦੇ ਨਾਲ ਕੋਈ ਲਿਖਦਾ, ਉਸੇ ਨੂੰ ਪ੍ਰਣਾਇਆ ਹੈ।
ਘੋਖ ਵਿਚਾਰ ਕੇ ਲਿਖਣਾ ਹਿੱਸੇ ਕਿਸੇ ਕਿਸੇ ਦੇ ਆਇਆ ਹੈ॥

ਵਿਅੰਗ ਲਿਖਕੇ ਪਾਠਕਾਂ ਨੂੰ ਕਈ ਲੇਖਕ ਖੂਬ ਹਸਾਉਂਦੇ ਨੇ।
ਰੋਈ ਤਾਂ ਕੁਲ ਦੁਨੀਆਂ ਜਾਂਦੀ, ਇਹ ਹਸਾ ਕੇ ਫ਼ਰਜ਼ ਨਿਭੌਂਦੇ ਨੇ॥

ਚੌਕੇ ਅਤੇ ਹਾਇਕੂ ਲਿਖਣ ਦੀ, ਵਿਧਾ ਹੀ ਇਕ ਨਿਰਾਲੀ ਹੈ।
ਵੈਸੇ ਇਹ ਜਪਾਨੀ ਹੈ, ਪਰ ਪੰਜਾਬ 'ਚ ਵਿਰਲਿਆਂ ਭਾਲੀ ਹੈ॥

ਲੱਚਰ ਲਿਖਦਾ ਜੋ ਵੀ ਉਹ ਮੂਰਖ ਹੀ ਅਖਵਾਉਂਦਾ ਹੈ।
ਐਸਾ ਲੇਖਕ ਲੋਕਾਂ ਦੇ ਵਿੱਚ ਆਪਣੀ ਪੱਤ ਗਵਾਉਂਦਾ ਹੈ॥

ਐਸੇ ਵੀ ਕਈ ਲੇਖਕ ਸਨ, ਜਿੰਨਾਂ ਲਿਖਤਾਂ ਲਿਖ ਛਪਾਈਆਂ ਨਾ।
ਪਈਆਂ ਨੂੰ ਹੀ ਘੁਣ ਖਾ ਗਿਆ, ਕੰਮ ਕਿਸੇ ਦੇ ਆਈਆਂ ਨਾ॥

ਪੁਰਾਤਨ ਵਿਰਸੇ ਨੂੰ ਅਪਣਾਏ ਟਾਂਵੇ ਟਾਂਵੇ ਲਿਖਾਰੀ ਜੀ।
ਅਜੋਕੀ ਪੀੜ੍ਹੀ ਨੂੰ ਯਾਦ ਕਰਾਉਣ ਦੀ ਸਮਝਣ ਜ਼ਿੰਮੇਵਾਰੀ ਜੀ॥

ਲੱਚਰਤਾ ਅਸ਼ਲੀਲਤਾ ਤੋਂ ਦੂਰ ਰਹੋ, ਤੇ ਲਿਖੋ ਜੋ ਗੱਲ ਮਿਆਰੀ ਐ।
'ਸ਼ਰਮੇ ਦੱਦਾਹੂਰੀਏ ਨੇ ਤਾਂ ਦਿਲ ਦੇ ਵਿੱਚ ਇਹ ਧਾਰੀ ਐ॥

————————

ਖੰਭ ਲਾ ਕੇ ਉਡਿਆ ਪਿਆਰ

ਦਿਸਦੀ ਨਾ ਕਿਧਰੇ ਭਰਾਵਾਂ ਵਾਲੀ ਗੱਲ।
ਘਰ ਘਰ ਹੁੰਦੀ ਲੂਤੀ ਲਾਵਾਂ ਵਾਲੀ ਗੱਲ॥
ਲੋਕ ਆਪਣਿਆਂ ਨਾਲ ਧੋਖਾ ਕਰੀ ਜਾਂਦੇ ਨੇ।
ਵੱਢ ਵੱਢ ਆਪਣੇ ਹੀ ਮਰੀ ਜਾਂਦੇ ਨੇ॥
ਖੰਭ ਲਾ ਕੇ ਉਡਿਆ ਪਿਆਰ ਬੇਲੀਓ।
ਮਤਲਬੀ ਹੋਇਆ ਸੰਸਾਰ ਬੇਲੀਓ॥
ਦੋਸ਼ ਇਕ ਦੂਜੇ ਉਤੇ ਸਭ ਮੜੀ ਜਾਂਦੇ ਨੇ..

ਪਿਆਰ ਵਾਲੀ ਗੱਲ ਸੁਪਨਾ ਹੋ ਗਈ।
ਮਾਇਆ ਰਾਣੀ ਵਿੱਚ ਦੁਨੀਆਂ ਹੈ ਖੋ ਗਈ॥
ਈਰਖਾ ਦੇ ਵਿੱਚ ਲੋਕ ਸੜੀ ਜਾਂਦੇ ਨੇ..
ਕਿਸੇ ਦਾ ਵੀ ਨਹੀਂ ਦੀਨ ਤੇ ਈਮਾਨ ਜੀ।
ਸੌ ਵਿੱਚੋਂ ਨੱਬੇ ਲੋਕ ਬੇਈਮਾਨ ਜੀ॥
ਇਸੇ ਲਈ ਦੁੱਖ ਸੱਭ ਭਰੀ ਜਾਂਦੇ ਨੇ..

ਕਰਦੇ ਵਿਖਾਵਾ ਸਭ ਵਿੱਚੋਂ ਥੋਥੇ ਨੇ।
ਕੁਝ ਹੱਥ ਪੱਲੇ ਹੈਨੀ ਇਸੇ ਲਈ ਔਖੇ ਨੇ॥
ਤਾਅਨੇ ਮੇਹਣੇ ਸਭਨਾਂ ਦੇ ਜਰੀ ਜਾਂਦੇ ਨੇ..
ਹਾਲੇ ਵੀ ਹੈ ਸਮਾਂ ਤੂੰ ਸੁਧਰ ਬੰਦਿਆ।
ਛੱਡ ਦੇ ਹੰਕਾਰ ਤੇ ਚੌਧਰ ਬੰਦਿਆ॥
ਫੋਕੀ ਮੈਂ ਨਾਲ ਅੰਬਰਾਂ ਨੂੰ ਚੜ੍ਹੀ ਜਾਂਦੇ ਨੇ..
ਰਾਮ ਨਾਮ ਭੁਲ ਚੁੱਕਾ ਹੈ ਲੁਕਾਈ ਨੂੰ।
ਛੱਡ ਦਿੱਤਾ ਤਾਂਹੀ ਕਰਨਾ ਭਲਾਈ ਨੂੰ॥
ਮਿਲਾ ਮਾਨਸ ਜਨਮ ਐਵੇਂ ਹਰੀ ਜਾਂਦੇ ਨੇ..
ਜਪ ਲੈ ਤੂੰ ਨਾਮ ਹਾਲੇ ਵੇਲਾ ਬੰਦਿਆ।
ਨਹੀਂ ਤਾਂ ਹੋ ਜਾਣਾ ਬਹੁਤ ਹੀ ਕੁਵੇਲਾ ਬੰਦਿਆ॥
‘ਦੱਦਾਹੂਰੀਏ ਜਿਹੇ ਨਾਮ ਜਪ ਤਰੀ ਜਾਂਦੇ ਨੇ..
————————

ਸਿਆਣਿਆਂ ਦੀ ਮੱਤ

ਬਦਲ ਗਏ ਨੇ ਸਮੇਂ ਦੋਸਤੋ, ਔਲਾਦ ਨਾ ਲੱਗਦੀ ਆਖੇ।
ਸੁਨਣ ਵਾਲਾ ਕੋਈ ਦਿਸਦਾ ਨਹੀਂ, ਜੀਹਨੂੰ ਦੁਖ ਸੁਨਾਵਣ ਮਾਪੇ॥
ਦੋ ਪਰਿਵਾਰਾਂ ਦੋ ਰੂਹਾਂ ਦਾ, ਪਵਿੱਤਰ ਬੰਧਨ ਵਿਆਹ ਦਾ।
ਅੱਜਕੱਲ ਮੁੰਡੇ ਕੁੜੀਆਂ ਜੋ, ਕਰਵਾ ਲੈਂਦੇ ਨੇ ਆਪੇ॥
ਨਾ ਕੋਈ ਰਾਇ ਸਲਾਹ ਮਸ਼ਵਰਾ, ਘਰ ਵਿੱਚ ਕੀਤਾ ਜਾਂਦਾ।
ਹਰ ਕੋਈ ਮੁੰਡਾ ਕੁੜੀ ਆਪਣਾ, ਵੱਖਰਾ ਰਾਗ ਅਲਾਪੇ॥
ਜਾਤ ਮਜ੍ਹਬ ਤੇ ਗੋਤ ਨੂੰ ਛਿੱਕੇ, ਟੰਗੇ ਅਜੋਕੀ ਪੀੜ੍ਹੀ।
ਇਸੇ ਕਰਕੇ ਮਾਪੇ ਲੋਕੋ ਜਾਂਦੇ ਰਹਿ ਕਲਾਪੇ॥
ਕਦਮ ਜੇਕਰ ਕਾਹਲੀ ਦੇ ਨਾਲ, ਗਲਤ ਪੁੱਟਿਆ ਜਾਵੇ।
ਤਾਂ ਜਿੰਦਗੀ ਭਰ ਲਈ ਕੰਡਿਆਂ ਵਾਲੇ, ਵਿਛ ਜਾਂਦੇ ਨੇ ਝਾਫੇ॥
ਪੱਛਮੀ ਸੱਭਿਆਚਾਰ ਨੇ ਐਸੀ, ਰੱਖੀ ਦੇ ਅਜ਼ਾਦੀ,
ਤਾਂ ਹੀ ਲੋਕੋ ਆਮ ਘਰਾਂ ਵਿੱਚ ਜਾਂਦੇ ਪੈ ਸਿਆਪੇ।
ਘਰਾਣਾ ਟਿਕਾਣਾ ਵੇਖਣ ਦੇ ਸਭ, ਸਮੇਂ ਹੀ ਪਿੱਛੇ ਰਹਿਗੇ,
‘ਦੱਦਾਹੂਰੀਆ ਸਿਆਣਿਆਂ ਦੀ ਮੱਤ, ਕੰਮ ਨਾ ਆਉਂਦੀ ਜਾਪੇ॥
————————

ਗਲਤ ਜੋ ਪੂਰਨੇ ਪਾਉਂਦੇ ਲੇਖਕ

ਸੱਭਿਆਚਾਰ ਹੈ ਮਰ ਜਾਂਦਾ, ਜਦੋਂ ਵੀ ਭਾਸ਼ਾ ਹੈ ਕੋਈ ਮਰਦੀ।
ਕਲਮ ਹਥਿਆਰ ਨਹੀਂ ਬਣ ਸਕਦੀ, ਜੇਕਰ ਹੋ ਜਾਵੇ ਖੁਦਗਰਜ਼ੀ॥

ਇਸ ਕਲਮ ਦੀ ਤਾਕਤ ਨਾਲ ਕਿਸੇ ਨੇ ਮੱਥਾ ਨਾ ਕਦੇ ਲਾਇਆ।
ਕੀਤੀ ਜਿਸ ਗਲਤੀ ਇਹ, ਹੈ ਉਹ ਅੰਤ ਸਮੇਂ ਪਛਤਾਇਆ॥
ਸਮਾਜ ਦੇ ਦਰਪਣ ਦਾ, ਲੋਕੋ ਕਦਮ ਹੇ ਨਿਰਣਾ ਕਰਦੀ .. ਕਲਮ..

ਪੁਰਾਤਨ ਸਾਡੇ ਵਿਰਸੇ ਨੂੰ, ਜਿਨਾਂ ਨੇ ਲਿਖ ਲਿਖ ਕੇ ਸਮਝਾਇਆ।
ਜ਼ਿੰਦਗੀ ਦੇ ਜੀਣ ਲਈ, ਉਂਗਲੀ ਫੜ੍ਹ ਕੇ ਰਾਹ ਦਿਖਲਾਇਆ॥
ਲੱਖ ਲੱਖ ਸਜਦਾ ਕਰਦੀ ਹੈ, ਲੁਕਾਈ ਅੱਜ ਵੀ ਸ਼ਾਨੀ ਭਰਦੀ .. ਕਲਮ..

ਸਾਡਾ ਅਮੀਰ ਪੰਜਾਬੀ ਸੱਭਿਆਚਾਰ, ਹੈ ਵੱਡਿਆਂ ਦਾ ਸਰਮਾਇਆ।
ਆ ਵੜੀਆਂ ਕੁਝ ਕਲਮਾਂ, ਜਿਨ੍ਹਾਂ ਨੇ ਗਲ ਹੈ ਇਹਦਾ ਦਬਾਇਆ॥
ਜੋ ਖੁਦਗਰਜ਼ੀ ਕਰ ਕਰਕੇ, ਦੁਖਦੀ ਰਗ ਉਤੇ ਹੱਥ ਧਰਦੀ .. ਕਲਮ..

ਮਾਂ ਬੋਲੀ ਪੰਜਾਬੀ ਦਾ ਵੀ ਇਹੇ ਕਰੀ ਨਿਰਾਦਰ ਜਾਂਦੇ।
ਆਪਣੀ ਬੋਲੀ ਛੱਡਕੇ ਜੀ, ਬੋਲੀ ਹੋਰ ਹੀ ਬੋਲੀ ਜਾਂਦੇ॥
ਇਸ ਤਰ੍ਹਾਂ ਮਰਦੀ-2 ਮਰ ਜਾਏ ਨਾ, ਮਾਂ ਬੋਲੀ ਸਾਡੇ ਘਰ ਦੀ .. ਕਲਮ..

ਨਵੇਂ ਪੁਰਾਣੇ ਲੇਖਕ ਵੀਰੋ, ਰਲ ਮਿਲ ਹੰਭਲਾ ਮਾਰੋ।
ਗਲਤ ਜੋ ਪੂਰਨੇ ਪਾਉਂਦੇ ਲੇਖਕ, ਉਨ੍ਹਾਂ ਨੂੰ ਦੁਰਕਾਰੋ॥
ਸੱਭਿਆਚਾਰ ਜੋ ਸਾਂਭ ਲਏ, ਉਹੋ ਕੌਮ ਨਾ ਕਦੇ ਵੀ ਹਰਦੀ .. ਕਲਮ..

'ਸ਼ਰਮਾ ਦੱਦਾਹੂਰੀਆ ਤਾਂ ਦੋਸਤੋ, ਰਹਿੰਦੇ ਹਰਦਮ ਝੁਰਦਾ।
ਅਮੀਰ ਪੰਜਾਬੀ ਵਿਰਸਾ ਜਾਂਦੈ, ਦਿਨ ਦਿਨ ਕਿਉਂ ਖੁਰਦਾ॥
ਕੋਈ ਤਾਕਤ ਦੁਨੀਆਂ ਦੀ, ਨਹੀਓਂ ਕਲਮ ਦੇ ਅੱਗੇ ਅੜਦੀ .. ਕਲਮ..
————————————

ਉਜਾਲੇ ਹੋਣ ਸਦਾ ਸੱਜਰੀ ਸਵੇਰ ਦੇ

ਖਿੜੀ ਰਹੇ ਸਦਾ ਗੁਲਜ਼ਾਰ ਦਾਤਿਆ
ਮਹਿਕਾਂ ਵੰਡੇ ਤੇਰਾ ਸੰਸਾਰ ਦਾਤਿਆ॥
ਜੱਗ ਵਿੱਚ ਕੋਈ ਵੀ ਨਾ ਰੋਵੇ ਮਾਲਿਕਾ।
ਦੁਖੀ ਨਾ ਕੋਈ ਦੁਨੀਆਂ 'ਚ ਹੋਵੇ ਮਾਲਿਕਾ..

ਬੇਈਮਾਨੀ ਕਿਸੇ ਨਾਲ ਕਰੇ ਨਾ ਕੋਈ,
ਸੱਚੀ ਗੱਲ ਕਹਿਣੋਂ ਕਦੇ ਡਰੇ ਨਾ ਕੋਈ।
ਰਿਸ਼ਵਤਖੋਰੀ ਦਾ ਤਿਆਗ ਹੋ ਜਾਵੇ,
ਲੱਗੇ ਹੋਏ ਦਾਗਾਂ ਨੂੰ ਜਮਾਨਾ ਧੋ ਜਾਏ॥
ਐਸਾ ਤੂੰ ਬਣਾਈ ਕਿਰਦਾਰ ਦਾਤਿਆ ..ਮਹਿਕਾਂ..

ਪੌਣਾਂ ਦਾ ਬਦਲ ਦਿਓ ਰੁੱਖ ਆਪ ਜੀ,
ਇਹੀ ਰਾਗ ਸਾਰੇ ਹੀ ਰਹੇ ਅਲਾਪ ਜੀ।
ਛੱਪਰਾਂ ਨੂੰ ਪਾੜਕੇ ਤੂੰ ਸੁੱਖ ਕੇਰਦੇ,
ਉਜਾਲੇ ਹੋਣ ਸਦਾ ਸੱਜਰੀ ਸਵੇਰ ਦੇ॥
ਵਿਗੜੀ ਨੂੰ ਦਿਓ ਜੀ ਸਵਾਰ ਦਾਤਿਆ ..ਮਹਿਕਾਂ..

ਮਿਹਨਤ ਦਾ ਦੇਵੀਂ ਵਰਦਾਨ ਸਭ ਨੂੰ,
ਰਹੇ ਤੇਰੀ ਹੋਂਦ ਦਾ ਧਿਆਨ ਸਭ ਨੂੰ।
ਸਬਰ ਸਬੂਰੀ ਦਾ ਤੂੰ ਦਾਨ ਦੇ ਦੇਵੀਂ,
ਮਿਠਤ ਹਲੀਮੀ ਖਾਣ ਪਾਨ ਦੇ ਦੇਵੀਂ॥
ਜਿੰਦਗੀ ਤੂੰ ਸਭ ਦੀ ਨਿਖਾਰ ਦਾਤਿਆ ..ਮਹਿਕਾਂ..

ਆਈ ਹੈ ਜੇ ਰਾਤ ਸਰਘੀ ਵੀ ਆਉਣੀ ਐ,
ਜਿੰਦਗੀ 'ਚ ਮਹਿਕ ਉਸੇ ਨੇ ਖਿੰਡਾਉਣੀ ਐ।
ਮਾੜੀ ਨੀਤ ਕਿਸੇ ਦੀ ਵੀ ਕਦੇ ਹੋਵੇ ਨਾ,
ਹੱਕ ਇਕ ਦੂਜੇ ਦਾ ਕੋਈ ਵੀ ਖੋਹਵੇ ਨਾ॥
ਜੇ ਕਰੇ ਮੇਹਰ ਸੱਚੀ ਸਰਕਾਰ ਦਾਤਿਆ ..ਮਹਿਕਾਂ..

ਅਮੀਰ ਤੇ ਗਰੀਬ ਨੂੰ ਖਤਮ ਕਰੀ ਤੂੰ,
ਸਭਨਾਂ ਦੀ ਮਾਲਿਕਾ ਝੋਲੀ ਨੂੰ ਭਰੀਂ ਤੂੰ।
ਦਇਆ ਨਾਲ ਭਰਦੇ ਭੰਡਾਰ ਸੱਭ ਦੇ,
ਤਾਈਓਂ ਅਸੀ ਸਾਰੇ ਹਾਂ ਜਹਾਨ ਫੱਬਦੇ॥
ਸਭਨਾਂ ਨੂੰ ਕਰੀਂ ਇਕਸਾਰ ਦਾਤਿਆ ..ਮਹਿਕਾਂ..

‘ਦੱਦਾਹੂਰ ਵਾਲਾ ਤੈਨੂੰ ਅਰਜ਼ ਕਰੇ,
ਹੋਕੇ ਨਿਮਾਣਾ ਪੂਰਾ ਫਰਜ਼ ਕਰੇ।
‘ਜਸਵੀਰ ਦੀ ਬੇਨਤੀ ਕਬੂਲ ਕਰ ਲਈ,
ਦੁਖੜੇ ਤੂੰ ਓਸਦੇ ਸਾਰੇ ਹੀ ਹਰ ਲਈਂ॥
ਇਹੇ ਨਿੱਜੀ ਉਹਦੇ ਨੇ ਵਿਚਾਰ ਦਾਤਿਆ ..ਮਹਿਕਾਂ..।
————————

ਕਿਹੜੀ ਬਾਣੀ ਦੱਸੇ ਜੁਲਮ ਕਮਾਵਣਾ

ਜਮਾਂਦਰੂ ਤਾਂ ਸੀ ਤੂੰ ਇਨਸਾਨ ਬੰਦਿਆ।
ਵੱਡਾ ਹੋ ਕੇ ਬਣਿਆ ਹੈਵਾਨ ਬੰਦਿਆ॥
ਭੁਲ ਗਿਐਂ ਦਾਤੇ ਦੀਆਂ ਮਿਹਰਬਾਨੀਆਂ..
ਜੱਗ ਵਿੱਚ ਕਰੀ ਜਾਵੇਂ ਮਨਮਾਨੀਆਂ..

ਮਾਨਸ ਜਨਮ ਔਖਾ ਹੱਥ ਆਂਵਦਾ,
ਸਦੀਆਂ ਦੇ ਮਗਰੋਂ ਹੈ ਇਹ ਥਿਆਂਵਦਾ।
ਭੰਗ ਦੇ ਹੀ ਭਾਣੇ ਕਿਉਂ ਲੁਟਾਈ ਜਾਣੈਂ,
ਕੀਮਤੀ ਸਵਾਸ ਕਿਉਂ ਗਵਾਈ ਜਾਣੈਂ॥
ਛੱਡ ਦੇ ਤੂੰ ਕਰਨੀਆਂ ਨਾਦਾਨੀਆਂ .. ਭੁੱਲ..

ਡਿੱਗੇ ਨੂੰ ਤੂੰ ਕਦੇ ਵੀ ਉਠਾ ਨਾ ਸਕਿਆ,
ਪਿਆਸਿਆਂ ਦੇ ਮੂੰਹ ‘ਚ ਪਾਣੀ ਪਾ ਨਾ ਸਕਿਆ।
ਭੁੱਖੇ ਨੂੰ ਤੂੰ ਕਦੇ ਨਾ ਰਜਾਵੇਂ ਬੰਦਿਆ,
ਦੁਖੀਆਂ ਨੂੰ ਹੋਰ ਤੜਪਾਵੇਂ ਬੰਦਿਆ॥
ਐਸੀਆਂ ਤੂੰ ਕਰੀ ਜਾਵੇਂ ਕੁਰਬਾਨੀਆਂ .. ਭੁੱਲ..

ਜੁਲਮ ਕਮਾਉਣਾ ਦੱਸ ਕਿੱਥੋਂ ਸਿੱਖਿਆ,
ਖੋਲ੍ਹਕੇ ਤੂੰ ਸਾਰੀ ਹੀ ਸੁਣਾ ਦੇ ਵਿਥਿਆ।
ਕਿਹੜੀ ਬਾਣੀ ਦੱਸੇ ਜੁਲਮ ਕਮਾਵਣਾ,
ਬੀਤ ਗਿਆ ਵੇਲਾ ਨਹੀਓਂ ਹੱਥ ਆਵਣਾ॥
ਕੰਮ ਨਹੀਓਂ ਆਉਂਣੀਆਂ ਇਹ ਸ਼ੈਤਾਨੀਆਂ .. ਭੁੱਲ..

ਠੱਗੀ ਚੋਰੀ ਵਾਲਾ ਹੈ ਤੂੰ ਧੰਦਾ ਤੋਰਿਆ,
ਲੁਟ ਲੁਟ ਦੂਜਿਆ ਨੂੰ ਘਰ ਜੋੜਿਆ।
ਹੋਣਾ ਹੈ ਹਿਸਾਬ ਅੱਗੇ ਪਾਈ ਪਾਈ ਦਾ,
ਕਰਲੈ ਤੂੰ ਸੌਦਾ ਬੰਦਿਆ ਭਲਾਈ ਦਾ॥
ਨਾ ਰਹਿ ਜਾਣ ਪੱਲੇ ਕਿਤੇ ਬੇਈਮਾਨੀਆਂ .. ਭੁੱਲ..

ਉਹਦੇ ਘਰ ਚੰਗਿਆਂ ਦਾ ਮੁੱਲ ਪੈਣਾ ਏ,
ਵਹੀ ਖੋਲ੍ਹ ਅੱਗੇ ਤਾਂ ਹਿਸਾਬ ਲੈਣਾ ਏ।
ਨੀਵੀਂ ਪਾਕੇ ਉਥੇ ਤੈਨੂੰ ਬਹਿਣਾ ਪੈਜੇ ਨਾ,
ਪਿਛਲੀ ਕਤਾਰ ਵਿੱਚ ਰਹਿਣਾ ਪੈਜੇ ਨਾ॥
ਨਾ ਪੈ ਜਾਣ ਝੱਲਣੀਆਂ ਹੈਰਾਨੀਆਂ .. ਭੁੱਲ..

ਭੁਲਕੇ ਤੂੰ ਆਪਣਾ ਹੈ ਘਰ ਬਹਿ ਗਿਆ,
'ਸ਼ਰਮਾ ਜੋ ਦੱਦਾਹੂਰ ਵਾਲਾ ਕਹਿ ਗਿਆ।
ਸੱਚ ਤੈਥੋਂ ਕਦੇ ਝੁਠਲਾਇਆ ਜਾਣਾ ਨਹੀਂ,
ਨਾਮ ਬਾਝੋਂ ਬੇੜਾ ਪਾਰ ਲਾਇਆ ਜਾਣਾ ਨਹੀਂ॥
ਨਹੀਂ ਜਿੰਦਗੀ 'ਚ ਹੋਣੀਆਂ ਨੇ ਬਹੁਤ ਹਾਨੀਆਂ .. ਭੁੱਲ..।
————————

ਸ਼ਹੀਦ ਭਗਤ ਸਿੰਘ

ਨਾਮ ਓਸਦਾ ਭਗਤ ਸਿੰਘ ਸੀ, ਜੀਹਨੇ ਦੇਸ਼ ਲਈ ਆਪਾ ਵਾਰਿਆ।
ਫਾਂਸੀ ਵਾਲਾ ਰੱਸਾ ਚੁੰਮਕੇ, ਉਹਨੇ ਗਲ ਵਿੱਚ ਆਪੇ ਪਾ ਲਿਆ॥
ਅਸੀ ਭੁੱਲੇ ਕੁਰਬਾਨੀ ਕਾਸਤੋਂ, ਸੀ ਉਹਨੇ ਗੋਰਿਆਂ ਨੂੰ ਅੱਗੇ ਲਾ ਲਿਆ ..
ਸੂਰਮਾ ਭਗਤ ਸਿੰਘ ਯਾਦ ਸਾਨੂੰ ਆਉਂਦਾ ਨਹੀਂ।
ਉਹਦਿਆਂ ਰਾਹਾਂ ਉਤੇ, ਚੱਲਣਾ ਕੋਈ ਚਹੁੰਦਾ ਨਹੀਂ॥
ਹੋਈ ਨੀਤ ਬਦਨੀਤ ਕਾਸਤੋਂ, ਮਾੜੀ ਸੋਚ ਨੇ ਕਲਾਵਾਂ ਪਾ ਲਿਆ.. ਅਸੀ..
ਉਹਦੇ ਵਾਲੀ ਸੋਚ ਅਸੀ, ਕਦੇ ਅਪਣਾਈ ਨਾ।
70 ਸਾਲ ਹੋਗੇ ਸਾਨੂੰ, ਜਾਗ ਹਾਲੇ ਆਈ ਨਾ॥
ਅਸੀ ਅੱਖੀਆਂ ਨੇ ਬੰਦ ਕੀਤੀਆਂ, ਖੁਦਗਰਜ਼ੀ ਨੇ ਸਾਨੂੰ ਖਾ ਲਿਆ.. ਅਸੀ..
ਲੁਟ ਲੁਟ ਪਹਿਲਾਂ ਸਾਨੂੰ ਖਾ ਲਿਆ ਫਰੰਗੀਆਂ।
ਝੱਲੀਆਂ ਸੀ ਸਾਰੇ ਦੇਸ਼ ਵਾਸੀਆਂ ਨੇ ਤੰਗੀਆਂ॥
ਹੁਣ ਆਪਣੇ ਹੀ ਖਾਣ ਲੱਗ ਪਏ, ਮਾੜੀ ਸੋਚ ਨੂੰ ਹੈ ਅਪਣਾ ਲਿਆ .. ਅਸੀ..
ਹੱਕ ਦੀ ਲੜਾਈ ਜਦੋਂ ਕੀਤੀ ਉਹਨੇ ਸ਼ੁਰੂ ਸੀ।
ਛਾਤੀ ਤਾਣ ਖੜ੍ਹੇ ਸੁਖਦੇਵ ਰਾਜਗੁਰੂ ਸੀ॥
ਆਇਆ ਉਲਟ ਜ਼ਮਾਨਾ ਹੁਣ ਤਾਂ, ਵੇਖੋ ਭਾਈ ਨੂੰ ਹੀ ਭਾਈ ਨੇ ਖਾ ਲਿਆ .. ਅਸੀ..
ਅਜੇ ਵੀ ਹੈ ਸਮਾਂ ਕਰੋ ਗੈਰਤ ਪੰਜਾਬੀਓ।
ਕਾਇਮ ਰੱਖੋ ਮਿਲੀ ਜੋ ਹੈ ਸ਼ੋਹਰਤ ਪੰਜਾਬੀਓ॥
ਭੁੱਲੇ ਦੇਸ਼ ਦਾ ਪਿਆਰ ਕਾਸਤੋਂ, ਐਵੇਂ ਧਰਮਾਂ ਦਾ ਪਾੜਾ ਪਾ ਲਿਆ .. ਅਸੀ..
ਸਾਡੇ ਲਈ ਤਾਂ ਦਿੱਤਾ ਉਹਨੇ ਤੋਹਫਾ ਅਨਮੋਲ ਜੀ।
ਦਿਤੀ ਜੋ ਅਜ਼ਾਦੀ ਲੈ ਕੇ, ਕੀਤੇ ਬੜੇ ਘੋਲ ਸੀ॥
ਵਾਰਤੀ ਜਵਾਨੀ ਸਾਡੇ ਲਈ, ਦੱਸੋ ਕਦਰ ਕੀ ਉਹਦਾ ਪਾ ਲਿਆ .. ਅਸੀ..
'ਦੱਦਾਹੂਰ ਵਾਲਾ ਸੱਚ ਲਿਖੇ ਜਸਵੀਰ ਜੀ।
ਦੇਸ਼ ਦਾ ਮਹਾਨ ਉਹੋ ਯੋਧਾ ਸੂਰਬੀਰ ਸੀ॥
ਸ਼ਹੀਦੀ ਦਿਨ ਤੇ ਨਮਨ ਕਰੀਏ, ਜਿੰਦ ਦੇਸ਼ ਦੇ ਉਹ ਲੇਖੇ ਲਾ ਗਿਆ .. ਅਸੀ..
————————

ਇਨਸਾਨੀਅਤ ਵਾਲਾ ਨਾ ਪਿਆਰ ਕੋਈ ਜਾਣਦਾ

ਅੱਜ-ਕੱਲ੍ਹ ਫਿਕਰ ਹੈ ਪਏ ਰੁਜ਼ਗਾਰ ਦੇ।
ਰਹਿ ਗਏ ਜ਼ਮਾਨੇ ਪਿਛੇ ਆਪਸੀ ਪਿਆਰ ਦੇ॥
ਮਾਇਆ ਦੀ ਗੁਲਾਮ ਹੋਗੀ ਸਾਰੀ ਹੀ ਲੁਕਾਈ ਜੀ।
ਚੌਧਰ ਦੇ ਭੁੱਖੇ ਲੋਕੀ ਚਾਹੁਣ ਵਡਿਆਈ ਜੀ॥
ਆਪਣੇ ਫ਼ਰਜ਼ ਨੂੰ ਭਲਾ ਲਿਆ ਹੈ ਬੰਦੇ ਨੇ।
ਪੈਸੇ ਨਾ ਪਿਆਰ ਨੂੰ ਵਧਾ ਲਿਆ ਹੈ ਬੰਦੇ ਨੇ॥
ਜਾਵੇ ਇਨਸਾਨਾਂ ਵਿੱਚ ਪਾੜਾ ਇਹ ਵਧਾਈ ਜੀ
ਸ਼ੌਹਰਤ...
ਈਰਖਾ ਦੀ ਪੰਡ ਭਾਰੀ ਪਈ ਇਨਸਾਨ ਤੇ।
ਕਾਇਮ ਨਹੀਂ ਰਹਿੰਦਾ ਕੋਈ ਦੀਨ ਜਾਂ ਈਮਾਨ ਤੇ॥
ਲਾਲਚ ਕ੍ਰੋਧ ਜਾਂਦਾ ਵਿੱਚੋ ਵਿੱਚ ਖਾਈ ਜੀ
ਸ਼ੌਹਰਤ...
ਤਕੜਾ ਤਾਂ ਮਾੜੇ ਤਾਈਂ ਹੋਰ ਵੀ ਦਬਾਉਂਦਾ ਹੈ।
ਰੋਟੀ ਕਾਹਤੋਂ ਖਾਂਦਾ ਉਹਨੂੰ ਮਾਰਨਾ ਹੀ ਚਾਹੁੰਦਾ ਹੈ॥
ਸੁਪਨਾ ਹੈ ਅੱਜਕੱਲ੍ਹ ਕਰਨੀ ਭਲਾਈ ਜੀ
ਸ਼ੌਹਰਤ...
ਇਨਸਾਨੀਅਤ ਵਾਲਾ ਨਾ ਪਿਆਰ ਕੋਈ ਜਾਣਦਾ।
ਮਾੜੇ ਨੂੰ ਤਾਂ ਦੁਨੀਆਂ 'ਚ ਕੋਈ ਨਾ ਸਿਆਣਦਾ॥
ਇਕ ਦੂੱਜੇ ਦਾ ਹੀ ਹੱਕ ਜਾਂਵਦੇ ਨੇ ਖਾਈ ਜੀ
ਸ਼ੌਹਰਤ...
ਹੋਵੇ ਨਾ ਬਰਾਬਰ ਕੋਈ ਬਿਲਕੁਲ ਚਹੁੰਦਾ ਨਾ।
ਗਰੀਬ ਨੂੰ ਤਾਂ ਰੋਟੀ ਕੋਈ ਇਸੇ ਲਈ ਪਾਉਂਦਾ ਨਾ॥
ਐਸੀ ਹੁਣ ਲੋਕਾਂ ਨੇ ਹੈ ਨੀਤੀ ਅਪਣਾਈ ਜੀ
ਸ਼ੌਹਰਤ...
'ਸ਼ਰਮਾ ਹੈ ਦੱਦਾਹੂਰ ਵਾਲਾ ਸੱਚ ਲਿਖਦਾ।
ਕੋਈ ਕੋਈ ਸੱਚਾ ਬੰਦਾ ਜੱਗ ਵਿੱਚ ਦਿਸਦਾ॥
ਪਿਆਰ ਵਾਲੀ ਦਿਲੋਂ ਗੱਲ ਜਿਸ ਨੇ ਨਿਭਾਈ ਜੀ
ਸ਼ੌਹਰਤ...
————————

ਚੰਗਿਆਂ ਨੂੰ ਸਦਾ ਯਾਦ ਕਰਦੀ ਇਹ ਦੁਨੀਆਂ

ਮੁਲ ਨਾ ਚੁਕਾਇਆ ਕਦੇ ਉਹਦੀ ਮਿਹਰਬਾਨੀ ਦਾ।
ਦਿੱਤੀ ਅਨਮੋਲ ਸਾਨੂੰ ਸੋਹਣੀ ਜਿੰਦਗਾਨੀ ਦਾ॥
ਜਪਣਾ ਕਿਉਂ ਭੁੱਲ ਗਿਐਂ ਨਾਮ ਇਨਸਾਨਾਂ ਤੂੰ।
ਬਣ ਬੈਠਾ ਆਕੇ ਭਗਵਾਨ ਇਨਸਾਨਾਂ ਤੂੰ॥
ਉਹਦੀ ਯਾਦ ਦਿਲ 'ਚ ਵਸਾ ਲੈ ਸਦਾ ਬੰਦਿਆ।
ਸ਼ਿਕਵੇ ਤੇ ਗਮਾਂ ਨੂੰ ਭੁਲਾ ਲੈ ਸਦਾ ਬੰਦਿਆ॥
ਜਿੱਤੀ ਹੋਈ ਬਾਜ਼ੀ ਹਾਰੀ ਜਾਣੈ ਭਲਵਾਨਾਂ ਤੂੰ ..ਬਣ..

ਮਾਨਸ ਜਨਮ ਵਾਲੀ ਵਾਰੀ ਫਿਰ ਆਉਣੀ ਨਹੀਂ।
ਕਿਸੇ ਮੁਲ ਕੀਮਤੀ ਇਹ ਜਿੰਦਗੀ ਥਿਆਉਣੀ ਨਹੀਂ॥
ਭੁਲਾਂ ਕਾਹਤੋਂ ਕਰੀ ਜਾਣੈਂ ਬੰਦਿਆ ਨਾਦਾਨਾ ਤੂੰ ..ਬਣ..
ਬਦੀਆਂ ਨੂੰ ਛੱਡ ਕੰਮ ਕਰਲੈ ਭਲਾਈ ਦੇ।
ਮਿਠਤ ਹਲੀਮੀ ਨਾਲ ਦਿਨ ਨੇ ਲੰਘਾਈ ਦੇ॥
ਕਿਉਂ ਹਉਮੈਂ ਅਤੇ ਮੈਂ ਵਿਚ ਮਰਦੈ ਸ਼ੈਤਾਨਾਂ ਤੂੰ ..ਬਣ..

ਸੱਚੇ ਦਿਲੋਂ ਬੰਦਿਆਂ ਜੇ ਜਪ ਲਵੇ ਨਾਮ ਨੂੰ।
ਰੰਗਦੇ ਕੰਮੋਂ ਰੋਕ ਲਵੇ ਮਨ ਬੇਈਮਾਨ ਨੂੰ॥
ਲੱਭ ਲਵੇਂ ਉਹਨੂੰ ਫਿਰ ਪਾਉਣ ਦਾ ਨਿਸ਼ਾਨਾ ਤੂੰ ..ਬਣ..
ਚੰਗਿਆਂ ਨੂੰ ਸਦਾ ਯਾਦ ਕਰਦੀ ਇਹ ਦੁਨੀਆਂ।
ਮੂੰਹ ਲਾਉਣੋਂ ਮਾੜਿਆਂ ਨੂੰ ਡਰਦੀ ਇਹ ਦੁਨੀਆਂ॥
ਕਾਇਮ ਕਰ ਆਪਣੀਆਂ ਜੱਗ ਵਿੱਚ ਸ਼ਾਨਾਂ ਤੂੰ ..ਬਣ..

ਤਾਹੀਂ ਜੱਗ ਵਿੱਚ ਰਹਿਣਗੀਆਂ ਤੇਰੀਆਂ ਨਿਸ਼ਾਨੀਆਂ।
ਕਰੀਆਂ ਨਾ ਕਦੇ ਬੰਦੇ ਜੇ ਤੂੰ ਬੇਈਮਾਨੀਆਂ॥
ਆਖਰ ਨੂੰ ਇਕ ਦਿਨ ਹੋਣਾ ਹੈ ਰਵਾਨਾ ਤੂੰ ..ਬਣ..
'ਦੱਦਾਹੂਰ ਵਾਲੇ ਦਾ ਕਹਿਣਾ ਤੂੰ ਭੁਲਾਈਂ ਨਾ।
ਨੇਕ ਨੀਤੀ ਰੱਖੀ ਵੀਰਾਂ ਕਦੇ ਘਬਰਾਈਂ ਨਾ॥
ਕੱਢ ਲਵੀਂ ਦਿਲ ਵਿੱਚੋਂ ਖੁਦੀ ਵਾਲਾ ਫਾਨਾਂ ਤੂੰ ..ਬਣ..।
————————

ਜਾਂਦਾ ਬਣੀ ਪੰਜਾਬ ਕਿਉਂ ਸ਼ੱਕੀ

ਬੰਦੇ ਸੱਭਿਆਚਾਰ ਭੁਲਾਈ ਜਾਣੈਂ, ਪੱਛਮੀ ਨੂੰ ਅਪਣਾਈ ਜਾਣੈਂ।
ਵਿਰਸਾ ਮਿੱਟੀ ਮਿਲਾਈ ਜਾਣੈਂ, ਸਮਝੇ ਇਹਨੂੰ ਤਰੱਕੀ।
ਦੁਨੀਆਂ ਦੀਆਂ ਨਜ਼ਰਾਂ 'ਚ, ਜਾਂਦਾ ਬਣੀ ਪੰਜਾਬ ਕਿਉਂ ਸ਼ੱਕੀ...

ਅਤੀਤ ਆਪਣਾ ਦਿਲੋਂ ਭੁਲਾਇਆ। ਨਸ਼ਿਆਂ ਨੂੰ ਦੱਸ ਕਿਉਂ ਅਪਣਾਇਆ॥
ਸਾਂਭੀ ਨਾ ਇਜ਼ਤ ਸਰਮਾਇਆ, ਰੋਲ ਕਾਸਤੋਂ ਰੱਖੀ ..ਦੁਨੀਆਂ...

ਦੇਸ਼ ਪੰਜਾਬ ਦੇ ਸੋਹਣੇ ਦੁਲਿਆ। ਦੁੱਧ ਘਿਉ ਮੱਖਣ ਨੂੰ ਭੁੱਲਿਆ॥
ਫੋਕੀ ਚੌਧਰ ਦੇ ਵਿੱਚ ਰੁਲਿਆ, ਪੀਣੀ ਛੱਡ ਕੇ ਲੱਸੀ ..ਦੁਨੀਆਂ...

ਦੁਸ਼ਮਣ ਲਈ ਸੀ ਤਿੱਖਾ ਭਾਲਾ। ਹੋਇਆ ਫਿਰੇਂ ਤੂੰ ਹੁਣ ਮਤਵਾਲਾ॥
ਇਜ਼ਤਾਂ ਦਾ ਸੀ ਤੂੰ ਰਖਵਾਲਾ, ਹੁਣ ਗਿਰਵੀ ਆਪਣੀ ਰੱਖੀ ..ਦੁਨੀਆਂ...

ਅਪਨਾਉਣ ਤੋਂ ਦੱਸ ਤੂੰ ਕਾਹਤੋਂ ਡਰਦਾ। ਊਂ ਕੰਜਕਾਂ ਦਾ ਪੂਜਨ ਕਰਦਾ॥
ਕੁਖ ਦੇ ਵਿੱਚ ਹੀ ਮਾਰਕੇ ਛੱਡਦਾਂ, ਗੱਲ ਸੋਲਾਂ ਆਨੇ ਸੱਚੀ ..ਦੁਨੀਆਂ...

ਈਮਾਨਦਾਰੀ ਨੂੰ ਦਿਲੋਂ ਭੁਲਾਇਆ। ਮਾਇਆ ਨਾਲ ਹੈ ਪਿਆਰ ਵਧਾਇਆ॥
ਨੋਟਾਂ ਦਾ ਜੇ ਢੇਰ ਕਮਾਇਆ, ਕਿਸਮਤ ਸਮਝੇਂ ਲੱਕੀ ..ਦੁਨੀਆਂ...

ਗੀਤਾਂ ਹੋਰ ਅਪਣਾਈ ਜਾਣੈਂ। ਪੁਰਾਣੀਆਂ ਸੱਭ ਭੁਲਾਈ ਜਾਣੈਂ॥
ਲੀਕ ਤੂੰ ਜਦ ਪੰਜਾਬ ਨੂੰ ਲਾਈ ਜਾਣੈਂ, ਉਡਾਈ ਜਾਣੈਂ ਫੱਕੀ ..ਦੁਨੀਆਂ...

ਆਓ ਐਸੀਆਂ ਲੀਹਾਂ ਪਾਈਏ। ਸੱਭਿਆਚਾਰ ਨਾ ਕਦੇ ਭੁਲਾਈਏ॥
ਸਾਡੇ ਵਿਰਸੇ ਨੂੰ ਅਪਣਾਈਏ, ਅਣਖ਼ ਨੂੰ ਰੱਖੀਏ ਢੱਕੀ ..ਦੁਨੀਆਂ...

ਬਜ਼ੁਰਗਾਂ ਦੀਆਂ ਅਸੀਸਾਂ ਲਈਏ। ਸਾਰੇ ਸਿੱਧੇ ਰਸਤੇ ਪਈਏ॥
'ਦੱਦਾਹੂਰੀਏ ਨੂੰ ਵੀ ਕਹੀਏ, ਨਾ ਇਜ਼ਤ ਮਿਲੇ ਕਰੋੜੀਂ ਲੱਖੀ ..ਦੁਨੀਆਂ...।
————————————

ਅਜੋਕਾ ਜ਼ਮਾਨਾ

ਵਧ ਗਿਆ ਬਹੁਤ ਜਮਾਨਾ ਅੱਗੇ, ਨੂੰਹ ਤੇ ਧੀ ਦਾ ਪਤਾ ਨਾ ਲੱਗੇ,
ਸਮਝਣ ਆਪਣੇ ਆਪ ਨੂੰ ਠੱਗੇ, ਆਪਣੇ ਬਜ਼ੁਰਗ ਪੁਰਾਣੇ ਜੋ।
ਆਪਣੀ ਮਨਮਰਜ਼ੀ ਨੇ ਕਰਦੇ, ਜੀ ਅੱਜਕੱਲ੍ਹ ਦੇ ਨਿਆਣੇ ਜੋ...
ਐਸੀ ਕਟਿੰਗ ਹਿਪੀ ਕਰਵਾਉਂਦੇ, ਆਪਣੇ ਆਪ ਨੂੰ ਹੀਰੋ ਸਦਾਉਂਦੇ।
ਮੁਰਕੀ ਇਕ ਕੰਨ ਦੇ ਵਿੱਚ ਪਾਉਂਦੇ, ਬੈਂਸ ਜਿਹੇ ਬਣਕੇ ਰਹਿੰਦੇ ਨੇ।
ਸਾਡੇ ਕਹੇ ਢਲੇ ਪਰਛਾਵਾਂ, ਹਿੱਕ ਨੂੰ ਥਾਪੜ ਕਹਿੰਦੇ ਨੇ...
ਫਿਲਮਾਂ ਦੇ ਵਿੱਚ ਹੱਦ ਮੁਕਾਈ, ਜਿਸਮ ਤੋਂ ਕੱਪੜੇ ਜਾਣ ਘਟਾਈ।
ਇਨਾਂ ਨਵੀਂ ਲੀਹ ਇਹ ਪਾਈ, ਗੱਲ ਅਜੋਕੀਆਂ ਹੀਰਾਂ ਦੀ।
ਪੰਜਾਬ ਹੈ ਇਜ਼ਤਾਂ ਦਾ ਰਖਵਾਲਾ, ਨਾ ਕਰੋ ਨਮਾਇਸ਼ ਸਰੀਰਾਂ ਦੀ...
ਪਾ ਲਿਆ ਜਵਾਨੀ ਨੂੰ ਕਲਾਵਾ, ਚਿੱਟੇ ਨੇ ਹੈ ਬੋਲਿਆ ਧਾਵਾ।
ਨਾ ਰੱਖਦੇ ਘਰਾਂ ਦੇ ਵਿੱਚ ਹਲਾਵਾ, ਨਸ਼ੇ ਹੀ ਭਾਲੀ ਜਾਂਦੇ ਨੇ।
ਦਿਸਦੇ ਵਿੱਚ ਜਵਾਨੀ ਬੁੱਢੇ, ਦੇਹਾਂ ਗਾਲੀ ਜਾਂਦੇ ਨੇ...
ਵਸਦੇ ਰਸਦੇ ਘਰਾਂ 'ਚੋਂ ਕੱਢਦੇ, ਮਾਪਿਆਂ ਨੂੰ ਨਾ ਘਰਾਂ 'ਚ ਰੱਖਦੇ।
ਬਿਰਧ ਆਸ਼ਰਮਾਂ ਦੇ ਵਿੱਚ ਛੱਡਦੇ, ਪਿਆਰ ਨੇ ਕਰਦੇ ਗਰਜ਼ਾਂ ਨੂੰ।
ਸਮਝਣ ਮਾਇਆ ਨੂੰ ਹੀ ਮਾਪੇ, ਨਹੀਂ ਨਿਭਾਉਂਦੇ ਫਰਜ਼ਾਂ ਨੂੰ...
ਬਜ਼ੁਰਗਾਂ ਨੂੰ ਨਾ ਪੁੱਛਣ ਸਲਾਹ, ਅੱਡੋ ਅੱਡ ਹੈ ਸਭਦਾ ਰਾਹ।
ਹਯਾ ਵੀ ਦਿੰਦੇ ਨੇ ਝੱਟ ਲਾਹ, ਐਨਾ ਕਰਨ ਪਿਆਰ ਜੀ।
ਤੂੜੀ ਵਾਲੇ ਕੋਠੇ ਦੇ ਵਿੱਚ ਪਾਕੇ, ਕਹਿੰਦੇ ਲੁੱਟੋ ਬਹਾਰ ਜੀ...
ਪੰਜੇ ਉਂਗਲਾਂ ਨਾ ਇਕਸਾਰ, ਹੁੰਦਾ ਕਿਤੇ ਕਿਤੇ ਸਤਿਕਾਰ।
ਜੋ ਕਰਦੇ ਮਾਂ ਪਿਓ ਨਾਲ ਪਿਆਰ, ਉਹ ਘਰ ਹੈ ਕੋਈ ਕੋਈ ਜੀ।
ਉਹਨੂੰ ਘਾਟ ਨਾ ਕੋਈ, ਰਹਿੰਦੀ ਦਰਗਾਹ ਮਿਲਦੀ ਢੋਈ ਜੀ...
ਕਰੋ ਤਰੱਕੀਆਂ ਮੌਜਾਂ ਮਾਣੋ, ਪਰ ਪਿਛੋਕੜ ਵੀ ਪਛਾਣੋ।
ਆਪਣੇ ਫਰਜ਼ਾਂ ਨੂੰ ਵੀ ਜਾਣੋ, ਜੋ ਨਿਭਾਉਣੇ ਚਾਹੀਦੇ।
ਹੋਕੇ ਮਾਇਆ ਦੇ ਗੁਲਾਮ, ਆਪਣੇ ਨਹੀਂ ਭੁਲਾਈ ਦੇ...
ਹੈ ਇਹ ਲੋਹੇ ਤੇ ਲਕੀਰ, 'ਦੱਦਾਹੂਰੀਆ ਕਹੇ ਜਸਵੀਰ।
ਉਹਦੀ ਬਦਲ ਜਾਵੇ ਤਕਦੀਰ, ਵਿਰਸੇ ਨਾਲ ਜੋ ਜੁੜਦੇ ਨੇ।
ਮਾਨ ਵਧਾਉਂਦੇ ਜੱਗ ਵਿੱਚ, ਨਾ ਕਿਸੇ ਗੱਲੋਂ ਥੁੜਦੇ ਨੇ...।
————————————

ਸਮਾਜ ਦੀਆਂ ਬਦਲੀਏ ਰੀਤਾਂ

ਪੁੱਤਾਂ ਦਾ ਮੁੱਲ ਹੋਂ ਵੱਟਦੇ, ਲੈ ਲੈ ਕੇ ਦਾਜ ਲੋਕੋ।
ਜੱਗੋਂ ਇਹ ਖਤਮ ਹੈ ਕਰਨਾ, ਭੈੜਾ ਰਿਵਾਜ ਲੋਕੋ॥

ਲੱਖਾਂ ਵਿੱਚ ਵੇਚ ਕੇ ਪੁੱਤ ਨੂੰ, ਕੱਖੋਂ ਕਿਉਂ ਹੌਲੇ ਹੋਵੋਂ।
ਲੋਕਾਂ ਦੀਆਂ ਨਜ਼ਰਾਂ ਵਿੱਚ ਤੁਸੀ, ਕਾਹਤੋਂ ਅਣਗੌਲੇ ਹੋਵੋਂ॥
ਬਣਕੇ ਅਨਜਾਣ ਫਰੋਲੋਂ, ਘਰ ਦਾ ਤੁਸੀ ਪਾਜ ਲੋਕੋ ..ਕਰ ਦਿਓ..

ਹੋਵੇ ਨਾ ਕਦੇ ਤੁਹਾਡੀ, ਦਾਜ ਦੀ ਮੰਗ ਜੇ ਪੂਰੀ।
ਬਿਗਾਨੀ ਫਿਰ ਧੀ ਦੀ ਰਹਿਜੇ, ਮਨ ਦੀ ਹੀ ਆਸ ਅਧੂਰੀ॥
ਤੇਲ ਪਾ ਅੱਗ ਲਗਾਕੇ, ਦਿੰਦੇ ਹੋਂ ਸਾੜ ਲੋਕੋ ..ਕਰ ਦਿਓ..

ਪਹਿਲੀ ਨੂੰ ਪਾਰ ਬੁਲਾਕੇ, ਦੂਜੀ ਸ਼ਾਦੀ ਕਰਵਾਉਂਦੇ।
ਦਾਜ ਸਾਨੂੰ ਨਹੀਂ ਚਾਹੀਦਾ, ਐਸਾ ਹੈ ਸਾਂਗ ਰਚਾਉਂਦੇ॥
ਦੁਨੀਆਂ ਦੇ ਵਿੱਚ ਹੈ ਲੱਗੀ, ਐਸੀ ਹੀ ਭਾਜ ਜੋ ਲੋਕੋ ..ਕਰ ਦਿਓ..

ਅਗਲਾ ਕਰਜਾਈ ਹੋਜੇ, ਤੁਹਾਨੂੰ ਪਰ ਮਾਨ ਚਾਹੀਦਾ।
ਛਾਪਾਂ ਨਕਦੀ ਤੇ ਕਾਰ ਦੇ ਨਾਲ, ਹੋਣਾ ਸਨਮਾਨ ਚਾਹੀਦਾ॥
ਗੁਰਮਤਿ ਅਨੁਸਾਰ ਹੋਈ ਸ਼ਾਦੀ, ਮੰਨ ਜੇ ਸਮਾਜ ਲੋਕੋ ..ਕਰ ਦਿਓ..

ਦਿਲ ਦੇ ਤੁਸੀ ਕੋਹੜੀ ਬਣ ਗਏ, ਬਗਲ ਵਿੱਚ ਛੁਰੀਆਂ ਰੱਖੋਂ।
ਦਾਜ ਲਈ ਮੂੰਹ ਕਿਉਂ ਅੱਡਦੇ, ਜੇ ਆਪ ਘਰ ਕੁੜੀਆਂ ਰੱਖੋਂ॥
ਦਾਜ ਨਾ ਲੈਣ ਦੇਣ ਦਾ ਸੋਚੋ ਇਲਾਜ ਲੋਕੋ ..ਕਰ ਦਿਓ..

ਦਾਜ ਨਾ ਲਈਏ ਦੇਈਏ, ਖਾ ਲਈਏ ਕਸਮਾਂ ਸਾਰੇ।
ਕੋਈ ਨਾ ਦਾਜ ਦੇ ਪਿੱਛੇ, ਅਬਲਾ ਨੂੰ ਤੇਲ ਪਾ ਸਾੜੇ॥
ਧੀਆਂ ਵਾਲੇ ਮਾਪਿਆਂ ਨੂੰ ਫਿਰ ਮਿਲਜੇ ਧਰਵਾਸ ਲੋਕੋ ..ਕਰ ਦਿਓ..

ਸਮਾਜ ਦੀਆਂ ਬਦਲੀਏ ਆਜੋ, ਰਲਮਿਲਕੇ ਸਾਰੀਆਂ ਰੀਤਾਂ।
ਪਾ ਲਈਏ ਦੱਦਾਹੂਰੀਆ, ਗੂੜੀਆਂ ਪਿਆਰ ਪ੍ਰੀਤਾਂ॥
ਪੈਜੇ ਨਾ ਕਿਸੇ ਨੂੰ ਕਿਸੇ ਦੇ ਹੋਣਾ ਮਥਾਜ ਲੋਕੋ ..ਕਰ ਦਿਓ..।
————————

ਕੋਈ ਵੀ ਨਾ ਰਾਜੀ ਪਿੰਡ ਰਹਿਕੇ ਜੀ

ਪਿੰਡਾਂ ਦੀ ਜ਼ਮੀਨ ਸਾਰੀ ਖਾ ਗਏ ਸ਼ਹਿਰ ਜੀ।
ਬੰਦਾ ਦਿਨੋਂ ਦਿਨ ਹੁਣ ਖਾਈ ਜਾਵੇ ਜ਼ਹਿਰ ਜੀ॥
ਤਾਹੀਓਂ ਕੈਂਸਰ ਜਿਹੀ ਸਹੇੜੀ ਹੈ ਬਿਮਾਰੀ ਲੋਕਾਂ ਨੇ..
ਆਪੇ ਦੁੱਖਾਂ ਵਾਲੀ ਬੀਜ ਲਈ ਕਿਆਰੀ ਲੋਕਾਂ ਨੇ..

ਤਿੰਨ ਤਿੰਨ ਫਸਲਾਂ ਉਗਾਈ ਜਾਂਦੇ ਸਾਲ 'ਚ।
ਲੰਘ ਜਾਂਦੀ ਉਮਰ ਤਾਂ ਨੌਟਾਂ ਦੀ ਹੀ ਭਾਲ 'ਚ॥
ਵਰਤੀ ਹੈ ਇਸੇ ਲਈ ਹੁਸ਼ਿਆਰੀ ਲੋਕਾਂ ਨੇ ..ਆਪੇ..

ਬੱਚਾ ਬੁੱਢਾ ਕੋਈ ਵੀ ਨਾ ਰਾਜੀ ਪਿੰਡੀਂ ਰਹਿਕੇ ਜੀ।
ਸ਼ਹਿਰ ਰੱਖ ਦਿੰਦੇ ਕੋਠੀ ਵੀ ਕਰੋੜ ਵਾਲਾ ਲੈ ਕੇ ਜੀ॥
ਰੱਖੀ ਮਹਿੰਗੀ ਕਾਰ ਦੀ ਸਵਾਰੀ ਲੋਕਾਂ ਨੇ ..ਆਪੇ..

ਰੇਹਾਂ ਸਪਰੇਆਂ ਨੇ ਵੀ ਕੱਢਿਆ ਦੀਵਾਲਾ ਏ।
ਜਿਦੋਂ ਜਿਦੀ ਫਸਲਾਂ 'ਚ ਪਾਉਂਦੇ ਵਿਤੋਂ ਬਾਹਲਾ ਏ॥
ਮਹਿੰਗੇ ਬੀਜ ਬੀਜੇ ਬਹੁਤ ਹੀ ਮਿਆਰੀ ਲੋਕਾਂ ਨੇ ..ਆਪੇ..

ਖਾਦਾਂ ਸਪਰੇਆਂ ਵਾਲੀ ਖਾਈ ਜਾਈਏ ਜ਼ਹਿਰ ਨੂੰ।
ਪਿੰਡਾਂ ਵੱਲੋਂ ਲੋਕਾਂ ਨੇ ਮੁਹਾਨ ਕੀਤਾ ਸ਼ਹਿਰ ਨੂੰ॥
ਚੱਕੀ ਕਰਜੇ ਦੀ ਸਿਰ ਪੰਡ ਭਾਰੀ ਲੋਕਾਂ ਨੇ ..ਆਪੇ..

ਦੁੱਖਾਂ ਵਾਲੇ ਆਪੇ ਬਣੇ ਜਿੰਮੇਵਾਰ ਬਈ।
ਹੱਥੀਂ ਕਰਕੇ ਨਾ ਰਾਜ਼ੀ ਕੋਈ ਕੰਮਕਾਰ ਬਈ॥
ਮੌਤ ਵਿਆਹੁਣ ਲਈ ਕਰ ਲਈ ਤਿਆਰੀ ਲੋਕਾਂ ਨੇ ..ਆਪੇ..

'ਦੱਦਾਹੂਰੀਆ ਕਹੇ ਲੱਭਣੀ ਨਹੀਂ ਮੌਜ ਪਿੰਡਾਂ ਵਾਲੀ।
ਕਾਹਤੋਂ ਸ਼ਹਿਰਾਂ ਵਿੱਚ ਆਕੇ ਜਾਵੋਂ ਜਿੰਦਗੀ ਨੂੰ ਗਾਲੀ॥
ਗਵਾਈ ਵਿਰਸੇ 'ਚ ਮਿਲੀ ਸਰਦਾਰੀ ਲੋਕਾਂ ਨੇ ..ਆਪੇ..।
————————

ਚਾਰ ਦਿਨਾਂ ਦੀ ਹੈ ਜਿੰਦਗਾਨੀ

ਉਸ ਮਾਲਿਕ ਦੇ ਨਾਮ ਬੜੇ ਨੇ,
ਤੇਰੇ ਤੇ ਅਹਿਸਾਨ ਬੜੇ ਨੇ।
ਫਿਰ ਵੀ ਭੁਲ ਗਿਐਂ ਬੰਦਿਆ,
ਕਰਨਾ ਕਿਉਂ ਸ਼ੁਕਰਾਨਾ ਤੂੰ॥
ਕਿਸੇ ਵੇਲੇ ਤਾਂ ਕਰ ਲਿਆ ਕਰ,
ਉਹਨੂੰ ਯਾਦ ਸ਼ੈਤਾਨਾਂ ਤੂੰ..

ਤੇਰੇ ਤੇ ਮੇਹਰ ਦਾਤੇ ਦੀ ਹੋਈ।
ਕਿਸਮਤ ਜਾਗ ਪਈ ਜੋ ਸੋਈ॥
ਲਾਹਤੀ ਕਾਹਤੋਂ ਸ਼ਰਮ ਦੀ ਲੋਈ,
ਜੱਗ ਵਿੱਚ ਆ ਇਨਸਾਨਾਂ ਤੂੰ ...ਕਿਸੇ..

ਆਇਆ ਵੇਖਣ ਜਗਤ ਤਮਾਸ਼ਾ।
ਦੁਨੀਆਂ ਲਈ ਤੂੰ ਬਣਿਆ ਹਾਸਾ॥
ਬਿਲਕੁਲ ਕੋਈ ਨਹੀਂ ਭਰਵਾਸਾ,
ਹੋਣਾ ਕਦੋਂ ਰਵਾਨਾ ਤੂੰ ...ਕਿਸੇ..

ਜਿਸ ਕੰਮ ਲਈ ਹੈ ਜੱਗ ਵਿੱਚ ਆਇਆ।
ਕਾਹਤੋਂ ਉਹਨੂੰ ਦਿਲੋਂ ਭੁਲਾਇਆ॥
ਮਾਇਆ ਨੂੰ ਜਾਏ ਕਿਵੇਂ ਕਮਾਇਆ,
ਰੱਖੇ ਇਹੀ ਨਿਸ਼ਾਨਾ ਤੂੰ ...ਕਿਸੇ..

ਚਾਰ ਦਿਨਾਂ ਦੀ ਹੈ ਜ਼ਿੰਦਗਾਨੀ।
ਛੱਡ ਕੇ ਜਾਹ ਕੋਈ ਪਿਆਰ ਨਿਸ਼ਾਨੀ॥
ਨਹੀਂ ਤਾਂ ਹੋਣੀ ਬਹੁਤ ਹੈਰਾਨੀ,
ਫਿਰ ਪਿੱਛੋਂ ਪਛਤਾਣਾ ਤੂੰ ...ਕਿਸੇ..

ਧਰਮਰਾਜ ਨੇ ਲੇਖਾ ਮੰਗਣੈਂ।
ਫਿਰ ਤੂੰ ਦੱਸਣੋਂ ਉਥੇ ਸੰਗਣੈਂ॥
ਜਮਦੂਤਾਂ ਨੇ ਪੁੱਠਾ ਟੰਗਣੈਂ,
ਲਾਏਂਗਾ ਕਿਹੜਾ ਬਹਾਨਾ ਤੂੰ ...ਕਿਸੇ..

ਹਾਲੇ ਵੀ ਵੇਲਾ ਕਰ ਫਰਿਆਦ।
ਸੱਚੇ ਦਿਲੋਂ ਤੂੰ ਕਰਲੈ ਯਾਦ॥
ਤੇਰੀ ਥੋੜੀ ਹੈ ਮੁਨਿਆਦ, ਫਿਰ ਨਾ ਮੁੜਕੇ ਆਣਾ ਤੂੰ ...ਕਿਸੇ..

'ਸ਼ਰਮਾ ਦੱਦਾਹੂਰੀਆ' ਕਹਿੰਦਾ।
ਕਿਉਂ ਨਾ ਉਸਤੋਂ ਡਰਕੇ ਰਹਿੰਦਾ॥
ਕਦੇ ਨਾ ਉਸਦਾ ਨਾਮ ਤੂੰ ਲੈਂਦਾ,
ਹੈਂਕੜਬਾਜ ਹੈਵਾਨਾਂ ਤੂੰ ...ਕਿਸੇ..।
————————————

ਆਸਾਂ ਰੱਖਦੇ ਨੇ ਪੁੱਤ ਧੀਆਂ ਕਰਨ ਤਰੱਕੀ

ਮਾਂ ਬਾਪ ਜਿਹੀ ਨਾ ਕੋਈ ਚੀਜ ਦੋਸਤੋ।
ਉਨਾਂ ਦੀ ਵੀ ਹੁੰਦੀ ਐ ਕੋਈ ਰੀਝ ਦੋਸਤੋ॥
ਉਦੋਂ ਰੁਲ ਜਾਣ ਮਿੱਟੀ ਅਰਮਾਨ ਉਨ੍ਹਾਂ ਦੇ।
ਜਦੋਂ ਪੁਠੇ ਵਹਿਣੀ ਪੈਂਦੇ ਪੁੱਤ ਜੁਆਨ ਉਨਾਂ ਦੇ॥

ਨਲਾਇਕ ਨਿਕਲੇ ਔਲਾਦ ਜਦੋਂ ਚੜ੍ਹਦੀ ਜਵਾਨੀ।
ਪਟੜੀ ਬੈਠੇ 'ਚ ਉਦੋਂ ਹੋ ਜਾਂਦੀ ਹਾਨੀ॥
ਸੋਚੇ ਸੁਪਨੇ ਜੋ ਹੋ ਜਾਣ ਘਾਣ ਉਨਾਂ ਦੇ ..ਉਦੋਂ..

ਹੋਜੇ ਜੇ ਜਵਾਨ ਪੁੱਤ ਨਸ਼ਿਆਂ ਦਾ ਆਦੀ।
ਬਣਦੇ ਨੇ ਮਾਂ ਬਾਪ ਉਦੋਂ ਫਰਿਆਦੀ॥
ਬੁੱਲ੍ਹਾਂ ਉਤੇ ਲੱਗ ਜਾਏ ਲਗਾਮ ਉਨਾਂ ਦੇ ..ਉਦੋਂ..

ਵੀਰੋ ਦਿਲ ਦੀਆਂ ਦਿਲ ਵਿੱਚ ਜਾਂਦੀਆਂ ਨੇ ਰਹਿ।
ਜਦੋਂ ਰਾਹ ਤੋਂ ਕੁਰਾਹੇ ਧੀਆਂ ਜਾਂਦੀਆਂ ਨੇ ਪੈ॥
ਮਾਪੇ ਚਾਹੁਣ ਜੱਗੋਂ ਮਿਟਣ ਨਿਸ਼ਾਨ ਉਨ੍ਹਾਂ ਦੇ ..ਉਦੋਂ..

ਚਾਹੁਣ ਮਾਂ ਬਾਪ ਧੀਆਂ ਪੁੱਤ ਕਰਨ ਤਰੱਕੀ।
ਸਭਨਾਂ ਦੀ ਹੁੰਦੀ ਵੀਰੋ ਆਸ ਇਹੋ ਰੱਖੀ॥
ਹੋਣ ਮਾਪਿਆਂ ਤੋਂ ਵਧ ਸਨਮਾਨ ਉਨਾਂ ਦੇ...
ਧੀਆਂ ਪੁੱਤ ਜਦੋਂ ਹੁੰਦੇ ਨੇ ਜਵਾਨ ਉਨਾਂ ਦੇ...

ਦਾਤਾ ਸਭਨਾਂ ਦੀ ਔਲਾਦ ਨੂੰ ਤੂੰ ਸਿਧੇ ਰਾਹੇ ਪਾਵੀਂ।
'ਦੱਦਾਹੂਰ ਸ਼ਰਮੇ' ਵਾਲੇ ਦੀ ਇਹ ਬੇਨਤੀ ਪੁਗਾਵੀਂ॥
ਚਾਅ ਚੜ੍ਹ ਜਾਣ ਵਿੱਚ ਅਸਮਾਨ ਉਨਾਂ ਦੇ...
ਧੀਆਂ ਪੁੱਤ ਜਦੋਂ ਹੁੰਦੇ ਨੇ ਜਵਾਨ ਉਨਾਂ ਦੇ...

————————————

ਪਰਿਵਾਰ ਬਗੀਚੀ

ਨਾਮ	:	ਜਸਵੀਰ ਸ਼ਰਮਾ ਦੱਦਾਹੂਰ
ਜਨਮ ਸਥਾਨ	:	ਦੱਦਾਹੂਰ (ਮੋਗਾ) ਪੰਜਾਬ
ਜਨਮ ਮਿਤੀ	:	24 ਮਈ, 1954
ਵਿੱਦਿਆ	:	ਮੈਟ੍ਰਿਕ
ਪਿਤਾ	:	ਸਵ: ਸਾਧੂ ਰਾਮ ਸ਼ਰਮਾ
ਮਾਤਾ	:	ਸਵ: ਪ੍ਰਮੇਸ਼ਵਰੀ ਦੇਵੀ
ਪਤਨੀ	:	ਸਵ: ਅਮਰਜੀਤ ਕੌਰ
ਪੁੱਤਰ-ਨੂੰਹ	:	ਸੰਦੀਪ ਕੁਮਾਰ ਸ਼ਰਮਾ-ਮਨਪ੍ਰੀਤ (ਮੀਨਾ)
	:	ਅਰਸ਼ਦੀਪ (ਪੋਤਰੀ) ਰੋਹਿਤ ਸ਼ਰਮਾ (ਪੋਤਰਾ)
ਪੁੱਤਰ-ਨੂੰਹ	:	ਮਨਦੀਪ ਕੁਮਾਰ ਸ਼ਰਮਾ-ਸੁਖਮਨ
	:	ਸੁਨਿੱਧੀ ਤੇ ਭਾਵਿਕਾ ਸ਼ਰਮਾ (ਪੋਤਰੀਆ)
ਧੀ-ਜਵਾਈ	:	ਰਛਪਾਲ ਕੌਰ-ਕੇਵਲ ਕ੍ਰਿਸ਼ਨ ਸ਼ਰਮਾ
	:	ਅੰਜਲੀ ਕੌਸ਼ਿਲ (ਦੋਹਤੀ)